
ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥

# ਭਾਈ ਘਨੱਈਆ

# ਸੇਵਾ ਜੋਤੀ

ਅਕਤੂਬਰ 2008

ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ




ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਗੱਦੀ ਦੀ


## ਤੀਜੀ ਸ਼ਤਾਬਦੀ

(1708-2008)

ਇੱਕ ਨਜ਼ਰ ਵਿੱਚ

# ਗੁਰਬਾਣੀ ਦੇ ਰਚਿਤਾ

ਦੇ ਦਰਸ਼ਨ



ੴ ਸਤਿਗੁਰ ਪ੍ਰਸਾਦਿ ॥
ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ ਪੰਜਾਬੀ ਮਾਸਿਕ

ਸਾਲ : 24ਵਾਂ ਅੰਕ : ਦਸਵਾਂ ਅਕਤੂਬਰ 2008 ਕੀਮਤ : ਅਮੁੱਲ

ਫਾਂਊਡਰ : ਸਵ: ਮਹੰਤ ਤੀਰਥ ਸਿੰਘ 'ਸੇਵਾ ਪੰਥੀ',
ਮੁੱਖ ਸਰਪ੍ਰਸਤ : ਮਹੰਤ ਕਾਹਨ ਸਿੰਘ 'ਸੇਵਾ ਪੰਥੀ', ਫੋਨ 0164-2262012, ਮੋਬਾ: 98140-04503,
ਸਰਪ੍ਰਸਤ : ਮੀਤ ਮਹੰਤ ਸੰਤ ਰਣਜੀਤ ਸਿੰਘ 'ਸੇਵਾ ਪੰਥੀ'
ਫੋਨ : 2262276, ਮੋਬਾ: 98140-35191
ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਭਾਈ ਜਗਤਾ
ਸ੍ਰ: ਤ੍ਰਿਲੋਚਣ ਸਿੰਘ 'ਸੇਠੀ', ਮੁੰਬਈ।
ਮੁੱਖ ਸਲਾਹਕਾਰ : ਸੰਤ ਜਗਜੀਤ ਸਿੰਘ 'ਭਾਈਆ' ਮੋਬਾ:98140-90142
ਸ:ਹਰਵਿੰਦਰ ਸਿੰਘ 'ਟੀਟੂ', ਹਰੀ ਨਗਰ, ਦਿੱਲੀ ਮੋਬਾ:98100-89645
ਸ: ਗੁਰਬਚਨ ਸਿੰਘ ਚੱਢਾ ਲੰਡਨ (U.K.), ਸ: ਵਜਿੰਦਰ ਸਿੰਘ ਐਡਵੋਕੇਟ, ਅੰਬਾਲਾ
ਸ: ਸੁਰਜਨ ਸਿੰਘ ਘੁਲਿਆਣੀ ਮੋਬਾ: 98552-06378
ਸ੍ਰੀਮਤੀ ਭੁਪਿੰਦਰ ਕੌਰ ਪਤਨੀ ਸ੍ਰ: ਜੀ.ਐਸ. ਬਜਾਜ ਦਿੱਲੀ,
ਸ੍ਰ: ਜਸਪਾਲ ਸਿੰਘ, ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ।

ਸੰਪਾਦਕੀ ਬੋਰਡ
ਫਾਊਡਰ ਇੰਟਰਨੈਟ ਐਡੀਟਰ : ਸਵ: ਭੁਪਿੰਦਰ ਸਿੰਘ 'ਸੇਵਾ ਪੰਥੀ'
ਮੁੱਖ ਸੰਪਾਦਕ : ਚਮਨ ਸਿੰਘ 'ਚਮਨ' Ph.2262152,M.98140-75504
ਇੰਚਾਰਜ ਜਨਰਲ ਦਫਤਰ : ਮੈਡਮ ਸਤੀਸ਼ ਸ਼ਾਹਣੀ B.SC.(Medical) B.Ed.
Mob. 98884-00061, Ph. 2262051 (Office)
ਸ: ਸੰਪਾਦਕ : ਅਮਰਜੀਤ ਸਿੰਘ 'ਮਾਛੀਵਾੜਾ', ਗੁਰਮੀਤ ਕੌਰ 'ਮੀਤ'

## ਤਤਕਰਾ


| ਲੋਅ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|
| ਕਤਿਕਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਸ. ਸੰਪਾਦਕ | 2 |
| ਸੰਪਾਦਕੀ | ਚਮਨ ਸਿੰਘ 'ਚਮਨ' | 3 |
| ਅਨਮੋਲ ਬਚਨ | ਸਤੀਸ਼ ਸ਼ਾਹਣੀ | 5 |
| ਵਿਸ਼ੇਸ਼ ਸੰਦੇਸ਼ ਸੇਵਾ ਕੈਂਪ ਸ੍ਰੀ ਹਜ਼ੂਰ ਸਾਹਿਬ ਨਾਂਦੇੜ | ਮੁੱਖ ਪ੍ਰਬੰਧਕ ਕਮੇਟੀ | 6 |
| ਸਰਬੰਸਦਾਨੀ ਦੇ ਨਾਮ... ਪ੍ਰਕਾਸ਼ਨਾ ਬਾਰੇ | ਚਮਨ ਸਿੰਘ 'ਚਮਨ' | 7 |
| ਪ੍ਰੋਗਰਾਮ ਪ੍ਰਚਾਰ ਯਾਤਰਾ ਵਿਦੇਸ਼ (ਮਹੰਤ ਸਾਹਿਬ) | ਸੰਪਾਦਕ | 8 |
| ਸੁਖਮਨੀ ਸਾਹਿਬ ਦੀ ਲੜੀਵਾਰ ਕਥਾ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 9 |
| ਲੜੀਵਾਰ ਕਥਾ ਬਾਵਨ ਅਖਰੀ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 11 |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 13 |
| ਅਸੀਸ | ਮਹੰਤ ਤੀਰਥ ਸਿੰਘ 'ਸੇਵਾ ਪੰਥੀ' | 14 |
| ਮੂਲ ਮੰਤਰ ਦੇ ਦਰਸ਼ਨ | ਲਖਵਿੰਦਰ ਸਿੰਘ, ਤਲਵੰਡੀ ਸਾਬੋ | 15 |
| ਸਰਵੋਤਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 18 |
| ਸਰਬੱਤ ਦੀ ਬਾਈਬਲ | ਪਿਆਰਾ ਸਿੰਘ 'ਪਦਮ' | 25 |
| ਇਨਕਲਾਬੀ ਯੋਧਾ | ਰਘਬੀਰ ਸਿੰਘ 'ਬੀਰ' | 34 |
| सर्वोत्तम ग्रंथ श्री गुरु ग्रंथ साहिब (ਹਿੰਦੀ ਰੂਪ) | जोगिंदर सिंह सागर | 37 |
| ਵਰ-ਘਰ | ਸਿਲਵੰਤ ਕੌਰ | 40 |

ੴ ਸਤਿਗੁਰ ਪ੍ਰਸਾਦਿ ॥

## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

# ਕਤਿਕਿ

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗੁ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥੯॥

| | | | | |
|---|---|---|---|---|
| ਸੰਮਤ ਬਿਕ੍ਰਮੀ | 2065 | ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪੰਚਮੀ | 4 ਅਕਤੂਬਰ |
| ਸੰਮਤ ਨਾਨਕਸ਼ਾਹੀ | 540 | | ਪੂਰਨਮਾਸ਼ੀ | 14 ਅਕਤੂਬਰ |
| ਸੰਮਤ ਖਾਲਸਾ | 310 | ਅਕਤੂਬਰ 2008 | ਸੰਗ੍ਰਾਂਦ | 15 ਅਕਤੂਬਰ |
| ਸੰਮਤ ਸਾਕਾ | 1930 | | ਮੱਸਿਆ | 28 ਅਕਤੂਬਰ |

| ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪ੍ਰੰਪਰਾਗਤ ਅਨੁਸਾਰ | ਨਾਨਕਸ਼ਾਹੀ ਕੈਲੰਡਰ ਅਨੁਸਾਰ |
|---|---|---|
| ★ ਪ੍ਰਕਾਸ਼ ਸ੍ਰੀ ਗੁਰੂ ਰਾਮਦਾਸ ਜੀ | 16 ਅਕਤੂਬਰ | 9 ਅਕਤੂਬਰ |
| ★ ਗੁਰਗੱਦੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 15 ਅਕਤੂਬਰ | 20 ਅਕਤੂਬਰ |
| ★ ਜੋਤੀ ਜੋਤਿ ਦਿਵਸ ਸ੍ਰੀ ਗੁਰੂ ਹਰਿਰਾਇ ਜੀ | 22 ਅਕਤੂਬਰ | 20 ਅਕਤੂਬਰ |
| ★ ੩੦੦ਸਾਲਾ ਗੁਰਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 30 ਅਕਤੂਬਰ | 20 ਅਕਤੂਬਰ |
| ★ ੩੦੦ਸਾਲਾ ਜੋਤੀ ਜੋਤਿ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਜ਼ੀ | ................ | 21 ਅਕਤੂਬਰ |
| ★ ਦੁਸਿਹਰਾ | 9 ਅਕਤੂਬਰ | 9 ਅਕਤੂਬਰ |
| ★ ਮਹਾਤਮਾ ਗਾਂਧੀ ਜੈਯੰਤੀ ਤੇ ਸ੍ਰੀ ਲਾਲ ਬਹਾਦਰ ਸ਼ਾਸ਼ਤਰੀ | 2 ਅਕਤੂਬਰ | ................ |
| ★ ਸ੍ਰੀ ਦੁਰਗਾ ਅਸ਼ਟਮੀ | 7 ਅਕਤੂਬਰ | ................ |
| ★ ਨਵਰਾਤ੍ਰੇ ਸਮਾਪਤ | 8 ਅਕਤੂਬਰ | ................ |
| ★ ਜਨਮ ਬਾਬਾ ਬੁੱਢਾ ਜੀ(ਕੱਥੂਨੰਗਲ) | 21 ਅਕਤੂਬਰ | ................ |
| ★ ਸ੍ਰੀ ਹਨੂਮਾਨ ਜੈਯੰਤੀ | 31 ਅਕਤੂਬਰ | ................ |
| ★ ਬੰਦੀ ਛੋੜ ਦਿਵਸ,ਦੀਵਾਲੀ | 28 ਅਕਤੂਬਰ | 28ਅਕਤੂਬਰ |
| ★ ਸਾਕਾ ਪੰਜਾ ਸਾਹਿਬ | 28 ਅਕਤੂਬਰ | 28 ਅਕਤੂਬਰ |
| ★ ਵਿਸ਼ਵਕਰਮਾ | 30 ਅਕਤੂਬਰ | 29 ਅਕਤੂਬਰ |

ਸੰਪਾਦਕੀ

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

# ਆਦਿ ਗੁਰੂ ਗ੍ਰੰਥ ਸਾਹਿਬ ਪਰਿਚਯ

'ਆਦਿ ਗ੍ਰੰਥ ਸਾਹਿਬ' ਵਿੱਚ ਛੇ ਸਿੱਖ ਗੁਰੂਆਂ ਦੀਆਂ ਰਚਨਾਵਾਂ ਭਾਵ ਉਨ੍ਹਾਂ ਦੀ ਉਚਾਰਨ ਕੀਤੀ ਬਾਣੀ ਹੈ। ਪਹਿਲੇ ਗੁਰੂ ਨਾਨਕ (ਲੱਗਭੱਗ ਸਾਰੇ ਗ੍ਰੰਥ ਦਾ ਪੰਜਵਾਂ ਹਿੱਸਾ), ਦੂਜੇ ਗੁਰੂ ਅੰਗਦ (ਕੁਲ 63 ਸਲੋਕ), ਤੀਜੇ ਗੁਰੂ ਅਮਰਦਾਸ (ਲੱਗਭੱਗ ਗ੍ਰੰਥ ਦਾ ਛੇਵਾਂ ਹਿੱਸਾ), ਚੌਥੇ ਗੁਰੂ ਰਾਮਦਾਸ (ਲੱਗਭੱਗ ਗ੍ਰੰਥ ਸਾਹਿਬ ਦਾ ਅੱਠਵਾਂ ਹਿੱਸਾ), ਪੰਜਵੇਂ ਗੁਰੂ ਅਰਜਨ ਜਿਨ੍ਹਾਂ ਆਦਿ ਗ੍ਰੰਥ ਦਾ ਸੰਪਾਦਨ ਕੀਤਾ। ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਦੇ ਪੰਜਾ ਵਿੱਚੋਂ ਦੋ ਹਿੱਸੇ ਹੈ। ਅਤੇ ਫਿਰ ਨੌਵੇਂ ਗੁਰੂ ਤੇਗ ਬਹਾਦਰ (ਉਨ੍ਹਾਂ ਦੇ 115 ਸ਼ਬਦ ਅਤੇ ਸਲੋਕ) ਪਿਛੋਂ ਸ਼ਾਮਲ ਕੀਤੇ ਗਏ।

ਇਸ ਤੋਂ ਬਿਨ੍ਹਾਂ ਆਦਿ ਗ੍ਰੰਥ ਵਿੱਚ ਸਿੱਖ ਧਰਮ ਦੇ ਵਿਚਾਰਧਾਰਕ ਪੂਰਵ-ਗਾਮੀਆਂ, ਉਤਰੀ ਹਿੰਦ ਦੇ ਭਗਤ ਕਵੀਆਂ ਦੇ ਸ਼ਬਦ ਤੇ ਸ਼ਲੋਕ ਸ਼ਾਮਲ ਹਨ ਜਿਹੜੇ ਕਿ ਗ੍ਰੰਥ ਦੇ ਦਸਵੇਂ ਹਿੱਸੇ ਤੋਂ ਘੱਟ ਬਣਦੇ ਹਨ। ਇਨ੍ਹਾਂ ਵਿੱਚ ਕਬੀਰ ਦੀਆਂ ਰਚਨਾਵਾਂ ਵੀ ਸ਼ਾਮਿਲ ਹਨ, ਜਿਹੜੇ ਕਿ ਗ੍ਰੰਥ ਦੇ ਦਸਵੇਂ ਹਿੱਸੇ ਤੋਂ ਘੱਟ ਬਣਦੇ ਹਨ। ਇਨ੍ਹਾਂ ਵਿੱਚ ਕਬੀਰ ਦੀਆਂ ਰਚਨਾਵਾਂ ਵੀ ਸ਼ਾਮਿਲ ਹਨ। ਜਿਹੜੀਆਂ ਭਗਤ ਬਾਣੀ ਦੇ ਤੀਜੇ ਹਿੱਸੇ ਤੋਂ ਵੱਧ ਹਨ), ਉਨ੍ਹਾਂ ਤੋਂ ਪਿਛੋਂ ਹੋਰ ਭਗਤ ਮਹਾਂਪੁਰਸ਼ ਆਉਂਦੇ ਹਨ ਜਿਵੇਂ ਨਾਮਦੇਵ, ਰਵਿਦਾਸ, ਤ੍ਰਿਲੋਚਨ, ਜੈਦੇਵ, ਪਰਮਾਨੰਦ, ਸਧਨਾ , ਬੇਣੀ, ਰਾਮਾਨੰਦ, ਪੀਪਾ, ਸੈਣ, ਭੀਖਨ, ਸੂਰਦਾਸ ਅਤੇ ਸ਼ੇਖ ਫਰੀਦ ਜੀ ਆਦਿ।

ਇਸ ਤਰ੍ਹਾਂ ਆਦਿ ਗ੍ਰੰਥ ਵਿੱਚ 6 ਗੁਰੂ ਸਾਹਿਬਾਂ, 15 ਭਗਤਾਂ, 11 ਭੱਟਾਂ ਅਤੇ 4 ਗੁਰਸਿੱਖਾਂ ਦੀ ਪਵਿੱਤਰ ਰਚਨਾ ਦਰਜ ਹੈ। ਉਹ ਗੁਰਸਿੱਖ ਭਾਈ ਮਰਦਾਨਾ ਜੀ, ਬਾਬਾ ਸੁੰਦਰ ਜੀ, ਸੱਤਾ ਜੀ ਅਤੇ ਰਾਏ ਬਲਵੰਡ ਹੀ ਹਨ। ਕੁਲ 36 (ਛੱਤੀ) ਮਹਾਂਪੁਰਸ਼ਾਂ ਦੀ ਰਚਿਤ ਬਾਣੀ ਆਦਿ ਗ੍ਰੰਥ ਸਾਹਿਬ ਵਿੱਚ ਸੰਗ੍ਰਹਿਤ ਹੈ। ਜਿਨ੍ਹਾਂ ਅੱਗੇ ਅਸੀਂ ਹਰ ਰੋਜ਼ ਨਮਸਕਾਰ ਕਰਦੇ ਹਾਂ। ਉਨ੍ਹਾਂ ਦੀ ਰਚਨਾ ਤੋਂ ਗਿਆਨ ਗ੍ਰਹਿਣ ਕਰਕੇ ਉਨ੍ਹਾਂ ਦੇ ਉਚਾਰੇ ਬਚਨਾ ਸਦਕਾ ਹੀ ਦਰਸ਼ਨ ਪ੍ਰਾਪਤ ਕਰਦੇ ਹਾਂ।

'ਆਦਿ ਗ੍ਰੰਥ ਸਾਹਿਬ' ਦੇ ਅਜੋਕੇ ਦਰਸ਼ਨ ਉਸੇ ਹੀ ਰੂਪ ਵਿੱਚ ਕਾਇਮ ਹੈ ਜਿਹੜਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਦਿੱਤਾ ਅਤੇ ਜਿਸ ਵਿੱਚ ਪਿਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੀਤੇ ਵਾਧੇ ਸ਼ਾਮਿਲ ਹਨ। ਕੋਈ ਬਾਣੀ ਕਿਸ ਥਾਂ ਆਈ ਹੈ, ਇਹ ਉਸ ਦੇ ਸਮੇਂ ਕਾਲ ਜਾਂ ਵਸਤੂ ਜਗ੍ਹਾ ਉਤੇ ਨਿਰਭਰ ਨਹੀਂ ਸਗੋਂ ਰਾਗਾਂ ਅਨੁਸਾਰ ਨਿਸ਼ਚਿਤ ਹੈ। ਸਾਰੇ ਗ੍ਰੰਥ ਦੀ ਬਣਤਰ ਇਸੇ ਅਨੁਸਾਰ ਹੈ। "ਆਦਿ ਗ੍ਰੰਥ ਵਿਚਲੀ ਬਣਤਰ ਦੀ ਇਕ ਹੋਰ ਵਿਸ਼ੇਸ਼ ਗੱਲ ਇਹ ਹੈ ਕਿ ਹਰ ਰਾਗ ਵਿੱਚ ਪਹਿਲਾਂ ਗੁਰੂਆਂ ਦੀ ਬਾਣੀ ਆਉਂਦੀ ਹੈ, ਫਿਰ ਪਿਛੋਂ ਨਾਲ ਹੀ ਭਗਤਾਂ ਦੀ ਜਿਹੜੀ ਛੰਦਾ-ਬੰਦੀ ਦੇ ਹਿਸਾਬ ਲਿਖੀ ਗਈ ਹੈ। ਪਹਿਲੇ ਚਉਪਦੇ, ਫੇਰ ਅਸ਼ਟਪਦੇ ਅਤੇ ਫਿਰ ਬਾਣੀ ਦੇ ਹੋਰ ਰੂਪ। ਇੱਕੋ ਜਿਹੇ ਰੂਪ ਵਾਲੀਆਂ ਬਾਣੀਆਂ ਪਾਤਸ਼ਾਹੀ ਅਨੁਸਾਰ ਦਿੱਤੀਆਂ ਗਈਆਂ ਹਨ। ਇਸੇ ਤਰ੍ਹਾਂ ਭਗਤਾਂ ਦੀ ਬਾਣੀ ਵੀ ਕਬੀਰ, ਨਾਮਦੇਵ, ਰਵਿਦਾਸ ਅਤੇ ਬਾਕੀ ਭਗਤਾਂ ਦੀ ਬਾਣੀ ਦਰਜ ਕੀਤੀ ਗਈ ਹੋਈ ਹੈ। ਆਦਿ ਗ੍ਰੰਥ ਵਿੱਚ 31 (ਇਕੱਤੀ) ਰਾਗਾਂ ਦਾ ਤਤਕਰਾ ਦਿੱਤਾ ਹੈ। ਇਨ੍ਹਾਂ ਰਾਗਾ ਦੀ ਰਾਗ ਮਾਲਾ ਸਭ ਤੋਂ ਅਖੀਰ ਵਿੱਚ ਦਿੱਤੀ ਹੋਈ ਹੈ। ਪਾਵਨ, ਗ੍ਰੰਥ ਦੇ 1430 (ਚੌਂਦਾ ਸੌ ਤੀਹ) ਪੰਨੇ ਹਨ।

ਇਹ 'ਆਦਿ ਗ੍ਰੰਥ ਸਾਹਿਬ' ਸੰਸਾਰ ਵਿੱਚ ਇੱਕ ਐਸੀ ਰਚਨਾ ਹੈ, ਜੋ ਪੰਚਮ ਪਾਤਸ਼ਾਹ ਗੁਰੂ

ਅਰਜਨ ਦੇਵ ਜੀ ਨੇ ਆਪੀਂ ਸਾਰੀ ਬਾਣੀ ਸੰਕਲਿਤ ਕੀਤੀ। ਆਪ ਬਾਣੀ ਉਚਾਰਣ ਕਰਦੇ ਅਤੇ ਭਾਈ ਗੁਰਦਾਸ ਜੀ ਤੋਂ ਲਿਖਵਾਉਂਦੇ ਰਹੇ। ਇਹ 'ਆਦਿ ਗ੍ਰੰਥ' 1604 ਵਿੱਚ ਸੰਪੂਰਨ ਹੋਇਆ ਇਸ ਗ੍ਰੰਥ ਨੂੰ 'ਪਵਿੱਤਰ ਬੀੜ' ਦਾ ਦਰਜਾ ਦਿੱਤਾ ਗਿਆ ਅਤੇ ਉਸ ਤੋਂ ਬਾਦ ਕਿਸੇ ਪ੍ਰਕਾਰ ਦੀ ਕੋਈ ਤਬਦੀਲੀ ਨਹੀਂ ਹੋਈ। ਇਸੇ 'ਪਵਿੱਤਰ ਬੀੜ' ਜਾਂ 'ਆਦਿ ਗ੍ਰੰਥ' ਨੂੰ ਹੀ ਪੰਜਵੇਂ ਸਤਿਗੁਰਾਂ ਨਮਸਕਾਰ ਕੀਤੀ ਤੇ ਦੱਸਿਆ -ਪੋਥੀ ਪਰਮੇਸਰ ਕਾ ਥਾਨੁ ॥੧॥੯੦॥੧੧੩॥

(ਸਾਰੰਗ ਮਹਲਾ ੫, ਪੰਨਾ ੧੨੨੬)

ਬੀੜ ਤਿਆਰ ਹੋਣ ਮਗਰੋਂ ਪੰਚਮ ਸਤਿਗੁਰੂ ਸਤਿਕਾਰ ਵੱਜੋਂ ਇਸ ਬੀੜ ਨੂੰ ਪਲੰਘ ਜਾਂ ਮੰਜੀ ਸਾਹਿਬ ਉੱਪਰ ਬਿਰਾਜਮਾਨ ਕਰਦੇ ਰਹੇ ਅਤੇ ਆਪ ਜ਼ਮੀਨ ਉੱਪਰ ਬਿਛੋਣਾ ਕਰਕੇ ਬਿਰਾਜਦੇ ਰਹੇ ਅੰਮ੍ਰਿਤ ਵੇਲੇ ਪਾਲਕੀ ਵਿੱਚ ਸਜਾ ਕੇ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਮੁਖੀ ਸਿੱਖਾਂ ਦੇ ਕੰਧਿਆਂ ਉੱਪਰ ਇਸ ਪਾਲਕੀ ਪਿੱਛੇ ਆਪੀਂ ਨੰਗੀ ਚਰਨੀ ਚੌਰ ਕਰਕੇ ਹਰਿਮੰਦਰ ਵਿੱਚ ਪ੍ਰਵੇਸ਼ ਕਰਦੇ ਰਹੇ। 'ਆਦਿ ਬੀੜ' ਦੀ ਸੇਵਾ-ਸੰਭਾਲ ਲਈ ਸਭ ਤੋਂ ਪਹਿਲੇ ਗ੍ਰੰਥੀ ਬ੍ਰਹਮ-ਗਿਆਨੀ ਬਾਬਾ ਬੁੱਢਾ ਜੀ ਨੂੰ ਥਾਪਿਆ ਤੇ ਗ੍ਰੰਥੀ ਸਾਹਿਬ ਨੂੰ 'ਗੁਰੂ ਕੇ ਵਜ਼ੀਰ' ਹੋਣ ਦਾ ਮਾਣ ਬਖਸ਼ਿਆ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਧਿਆਤਮਕ ਸਾਹਿਤ ਦਾ ਖਜਾਨਾ ਹੈ, ਜਿਸਦੇ ਅਮੋਲਕ ਬਚਨ ਜ਼ਿੰਦਗੀ ਬਖਸ਼ਣ ਵਾਲੇ ਹਨ। ਇਹ ਬਾਣੀ ਸਦੀਆਂ ਤੋਂ ਭਾਰਤ ਨੂੰ ਗਿਆਨ, ਸ਼ਾਂਤੀ, ਸੁੱਖ ਤੇ ਸਹਿਜ ਦਾ ਖੇੜਾ ਪ੍ਰਦਾਨ ਕਰਦੀ ਆਈ ਹੈ ਤੇ ਸਦੀਵ ਕਾਲ ਕਰਦੀ ਰਹੇਗੀ। ਇਸ ਦਾ ਸਰਬ-ਸਾਂਝੀ ਵਿਚਾਰਧਾਰਾ ਧਰਮਾਂ ਦੀ ਏਕਤਾ ਨੂੰ ਹੀ ਪੱਕਿਆ ਨਹੀਂ ਕਰਦੀ ਸਗੋਂ ਰੱਬੀ ਏਕਤਾ ਤੇ ਮਨੁੱਖੀ ਏਕਤਾ ਵਿੱਚ ਇੱਕ ਮਹਾਨ ਵਿਸ਼ਵਾਸ ਦ੍ਰਿੜਾ ਕੇ ਸਭ ਨੂੰ ਪ੍ਰੇਮ ਪਿਆਰ ਦਾ ਮਿੱਠਾ ਰੂਹਾਨੀਅਤ ਦਾ ਪੈਗਾਮ ਦਿੰਦੀ ਹੈ।

ਵੱਖੋ-ਵੱਖਰੇ ਅਕੀਦਿਆਂ, ਜਾਤਾਂ -ਪਾਤਾਂ ਤੇ ਭਸ਼ਾਵਾਂ ਦੇ ਭਿੰਨ-ਭੇਦ ਹੁੰਦਿਆਂ ਅਧਿਆਤਮਿਕ ਏਕਤਾ ਦੇ ਆਧਾਰ ਤੇ ਅਜਿਹੀ ਰਚਨਾ ਉਸ ਸਮੇਂ ਦੀ ਇੱਕ ਕਰਾਮਾਤ, ਇੱਕ ਅਨੋਖਾ, ਕ੍ਰਿਸ਼ਮਾਂ ਸੀ, ਜਿਸ ਰਾਹੀਂ ਗੁਰੂ ਸਾਹਿਬਾਂ ਨੇ ਸਦੀਆਂ ਪੁਰਾਣੇ ਰਹੱਸਵਾਦੀ ਸੰਤਾਂ, ਸਾਧੂਆਂ, ਦਰਵੇਸ਼ਾਂ ਫਕੀਰਾਂ ਤੇ ਮਹਾਂਪੁਰਸ਼ਾਂ ਦੇ ਬਚਨ ਹੀ ਸੰਚਿਤ ਨਹੀਂ ਕੀਤੇ, ਸਗੋਂ ਇੱਕ ਸਾਂਝੀ ਵਿਚਾਰਧਾਰਾ, ਸਰਬ ਧਰਮਾਂ ਦੀ ਏਕਤਾ ਨੂੰ ਇੱਕ ਨਜਰੀਏ ਤੇ ਲਿਆ ਖੜ੍ਹਾ ਕੀਤਾ। 'ਆਦਿ ਗ੍ਰੰਥ ਸਾਹਿਬ' ਦੇ ਸਰਬ ਸਾਂਝੇ ਨਗਮੇ ਨੂੰ ਉੱਚੀ-ਸੁੱਚੀ ਸੁਰਤ ਨਾਲ ਸਰਬ ਪੱਖੀ ਅਧਿਐਨ ਰਾਹੀ ਹੀ ਸਮਝਿਆ ਜਾ ਸਕਦਾ ਹੈ, ਕਿਉਂ ਜੋ ਇਸ ਦੀ ਸਾਰੀ ਬਾਣੀ ਬੁੱਧੀ ਮੰਡਲ ਤੋਂ ਉਪਰ ਦੀ ਅਨੁਭਵੀ ਚੀਜ ਹੈ :

ਲੋਗ ਜਾਨੈ ਇਹੁ ਗੀਤੁ ਹੈ। ਇਹੁ ਤਉ ਬ੍ਰਹਮ ਬੀਚਾਰ ॥

(ਗਉੜੀ ਪੂਰਬੀ ਕਬੀਰ ਜੀ,ਪੰਨਾ ੩੩੫)

ਪੰਚਮ ਸਤਿਗੁਰੂ ਅਰਜਨ ਦੇਵ ਜੀ ਨੇ ਸੰਸਾਰੀ ਜੀਵਾਂ ਉੱਪਰ ਮਹਾਨ ਪਰਉਪਕਾਰ ਕੀਤਾ, ਇਸ ਬ੍ਰਹਮ ਗਿਆਨ ਨੂੰ ਸੰਕਲਿਤ ਕਰਕੇ 'ਆਦਿ ਗ੍ਰੰਥ' ਰਾਂਹੀ ਗੁਪਤ ਬਾਣੀ ਨੂੰ ਜ਼ਾਹਿਰਾ ਸ਼ਬਦ ਵਿੱਚ ਪ੍ਰਗਟ ਕਰਕੇ ਸੰਸਾਰ ਨੂੰ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥ ਐਸੇ ਗਾਡੀ ਰਾਹ ਦੀ ਜੀਵਨ ਜਾਚ ਬਖ਼ਸ਼ ਦਿੱਤੀ ਜਿਸ ਤੁੱਲ ਹੋਰ ਕੋਈ ਨਹੀਂ।

ਪਰੀਚਕ :

ਚਮਨ ਸਿੰਘ 'ਚਮਨ'

ਮੁੱਖ ਸੰਪਾਦਕ

# ਅਨਮੋਲ ਬਚਨ

-ਸਤੀਸ਼ ਸ਼ਾਹਣੀ

ਨਿਰਭੈ ਹੋਕੇ ਸੰਸਾਰ ਵਿੱਚ ਵਿਚਰਣ ਵਾਲੇ ਮਨੁੱਖ ਪਾਸ ਕੁੱਝ ਵੀ ਨ ਹੁੰਦਿਆਂ ਹੋਇਆਂ, ਉਹ ਅਮੀਰ ਹੁੰਦਾ ਹੈ । ਭੈ ਸਹਿਤ ਜੀਵਨ ਮਾਰਗ ਤੇ ਤੁਰਨ ਵਾਲਾ ਸਭ ਕੁੱਝ ਹੁੰਦਿਆਂ ਵੀ ਗਰੀਬ ਹੁੰਦਾ ਹੈ ।

निर्भय होकर संसार में चलने वाले मनुष्य के पास कुछ न हो तो भी वो अमीर है भय में जीवन मार्ग पर चलने वाले मनुष्य के पास सब कुछ होते हुए भी गरीब है ।

The man who passes his life fearlessely though poor he is really rich.On the other hand the man with all things is in fect poor if he spends his life fearlessly.

ਇਕ ਨ ਸਮਝ ਦੀ ਗਲਤੀ ਦੇ ਜਵਾਬ ਵਿੱਚ ਜੇਕਰ ਇੱਕ ਸਿਆਣਾ ਅਖਵਾਉਣ ਵਾਲਾ ਮਨੁੱਖ ਵੀ ਗਲਤੀ ਕਰਦਾ ਹੈ ਤਾਂ ਉਸਦੀ ਵੀ ਕੀ ਸਿਆਣਪ ਹੈ।

एक न समझ की गलती के जवाब में अगर एक सूझवान वही गलती करता हो तो वह कहां का सूझवान है।

Where lies the wisdom of a wise man who while giving response, commits the same mistake as committed by fool.

ਚੰਡਾਲ ਰੂਪ ਕ੍ਰੋਧ ਅਧੀਨ ਕਾਹਲੀ ਨਾਲ ਕੋਈ ਵੀ ਕੰਮ ਕਰਨਾ ਨਾ-ਦਾਨੀ ਹੈ ਕਿਉਂਕਿ ਉਸ ਦਾ ਫਲ ਅੰਤ ਵਿੱਚ ਪਛਤਾਵਾ ਹੀ ਹੋਇਆ ਕਰਦਾ ਹੈ ।

चण्डाल रुप क्रोधवश प्राधीनता से किया गया कोई भी काम नादानी होती है, क्योंकि उस का फल अन्त में पश्चाताप ही होता है।

To do something under the influence of range and anger is foolishness because in the end you will have to repent.

ਅਸਲ ਬੁੱਧੀਮਾਨ ਉਹ ਹਨ, ਜੋ ਦੋ ਦਿਨਾਂ ਤੋਂ ਬਾਅਦ ਕਰਨ ਵਾਲੇ ਕੰਮਾਂ ਦੀ ਤਿਆਰੀ ਅੱਜ ਹੀ ਆਰੰਭ ਕਰ ਦੇਣ।

असल बुद्धिमान वही हैं जो दो दिनों बाद करने वाले कार्यों की तेयारी आज ही आरम्भ कर दें ।

The really wise person is he, who prepares himself two days before the commencement of the work.

ੴ ਵਾਹਿਗੁਰੂ ਜੀ ਕੀ ਫਤਹਿ ॥

"ਸਭ ਸਿੱਖਨ ਕੋ ਹੁਕਮੁ ਹੈ ਗੁਰੂ ਮਾਨਿਓ ਗ੍ਰੰਥ"

ਮਹੰਤ ਕਾਹਨ ਸਿੰਘ ਜੀ 'ਸੇਵਾ ਪੰਥੀ' ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ, ਜ਼ਿਲਾ ਬਠਿੰਡਾ (ਪੰਜਾਬ) ਦੀ ਅਗਵਾਈ ਤੇ ਸਰਪ੍ਰਸਤੀ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੀਜੀ ਸ਼ਤਾਬਦੀ ਗੁਰਤਾ ਗੱਦੀ ਸਮਾਗਮਾਂ ਮੌਕੇ

## ਸ਼੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਨਾਂਦੇੜ ਵਿਖੇ

ਮਿਤੀ 20 ਅਕਤੂਬਰ 2008 ਤੋਂ 3 ਨਵੰਬਰ 2008 ਤੱਕ ਆਯੋਜਿਤ ਹੋ ਰਹੇ

# ਸੇਵਾ ਕੈਂਪਾਂ ਵਿੱਚ ਸੇਵਾ ਕਮਾਉਣ ਦੀ ਅਪੀਲ

ਇਲਾਕੇ ਦੀਆਂ ਸਮੂਹ ਸੰਗਤਾਂ, ਭਾਈ ਘਨੱਈਆਂ ਸੇਵਾ ਸੁਸਾਇਟੀ ਦੇ ਸਾਰੇ ਯੂਨਿਟਾਂ : ਗੋਨਿਆਣਾ ਮੰਡੀ, ਜੈਤੋ, ਕੋਟਕਪੂਰਾ, ਫਰੀਦਕੋਟ, ਮਲੋਟ, ਬਠਿੰਡਾ, ਧਨੌਲਾ, ਹੁਸ਼ਿਆਰਪੁਰ, ਪਾਣੀਪਤ, ਦਿੱਲੀ, ਸਥਾਨਕ ਭਾਈ ਜਗਤਾ ਜੀ ਸੇਵਾ ਦਲ, ਰਵਿਦਾਸ ਸੇਵਾ ਸੁਸਾਇਟੀ, ਭਾਈ ਆਸਾ ਸਿੰਘ ਸੇਵਾ ਸੁਸਾਇਟੀ ਦੀ ਸੇਵਾ ਵਿੱਚ ਸਨਿਮਰ ਬੇਨਤੀ ਹੈ ਉਪਰੋਕਤ ਪ੍ਰੋਗਰਾਮ ਅਨੁਸਾਰ ਤਨ-ਮਨ-ਧੰਨ ਨਾਲ ਸੇਵਾ ਕਮਾਉਣੀ ਹਾਰਦਿਕ ਧੰਨਵਾਦੀ ਹੋਵਾਂਗੇ ।

— ਪ੍ਰਾਰਥਕ : —

## ਕੋਆਰਡੀਨੇਟ ਕਮੇਟੀ, ਸ੍ਰੀ ਹਜ਼ੂਰ ਸਾਹਿਬ, ਨਾਂਦੇੜ

ਸ਼੍ਰੀਮਾਨ ਸੰਤ ਹਰਪਾਲ ਦਾਸ ਜੀ ਕਲਾਨੌਰ ਵਾਲੇ ਮੋ: 092155-60178
ਮੈਨੇਜਰ ਪ੍ਰੀਤਮ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਵਾਲੇ ਮੋ: 094221-72611
ਸ੍ਰ: ਰਾਜ ਸਿੰਘ ਜੀ ਪਾਨੀਪਤ ਵਾਲੇ ਮੋ: 098129-38777
ਸੰਤ ਹਰਿੰਦਰ ਸਿੰਘ ਜੀ 'ਟੀਟੂ' ਦਿੱਲੀ ਵਾਲੇ ਮੋ: 098100-89645
ਸ੍ਰ: ਬਲਬੀਰ ਸਿੰਘ ਗੋਨਿਆਣਾ ਭਾਈ ਜਗਤਾ ਮੋ: 98148-63305

## ਮੁੱਖ ਪ੍ਰਬੰਧਕ ਕਮੇਟੀ, ਟਿਕਾਣਾ ਭਾਈ ਜਗਤਾ ਜੀ

ਬਲਬੀਰ ਸਿੰਘ ਮੋ: 98148-63305
ਗਗਨ ਮਸ਼ੀਨਰੀ ਸਟੋਰ, ਗੋਨਿਆਣਾ
ਹਰਿੰਦਰ ਸਿੰਘ ਗਰੇਵਾਲ
ਭਾਈ ਜਗਤਾ ਜੀ ਸੇਵਾ ਸੋਸਾਇਟੀ
ਜਸਪਾਲ ਸਿੰਘ ਮੱਕੜ
ਮੋ: 98151-01019
ਸੁਜਾਨ ਸਿੰਘ, ਬੈਂਕ ਮੈਨੇਜਰ
ਮੋਹਰ ਸਿੰਘ ਮੱਕੜ, ਕੋਟਕਪੂਰਾ
ਮੋ: 94176-88951
ਗੁਰਦੀਪ ਸਿੰਘ, ਜੈਤੋ ਮੋ: 98152-82463

ਡਾ: ਗੁਰਿੰਦਰਮੋਹਨ ਸਿੰਘ, ਫਰੀਦਕੋਟ
ਸੁਰਜਨ ਸਿੰਘ ਘੁਲਿਆਣੀ
ਮੋ: 98552-06378
ਨੰਦ ਸਿੰਘ ਮੱਕੜ, ਮਲੋਟ
ਜੋਗਿੰਦਰ ਸਿੰਘ ਸਾਗਰ, ਬਠਿੰਡਾ
ਨਰਿੰਦਰ ਸਿੰਘ ਕਾਲੜਾ, ਗੋਨਿਆਣਾ
ਮੋ: 98152-99592
ਕੰਵਲਜੀਤ ਸਿੰਘ ਮੋ: 98559-62604
ਮਾ: ਚਮਨ ਸਿੰਘ 'ਚਮਨ'
ਐਡੀਟਰ ਸੇਵਾ ਜੋਤੀ ਮੋ: 98140-75504

ਨੋਟ : ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਮੁੱਖ ਪ੍ਰਬੰਧਕ ਕਮੇਟੀ ਦੇ ਕਿਸੇ ਵੀ ਮੈਂਬਰ ਪਾਸੋਂ ਪ੍ਰਾਪਤ ਕਰੋ ।

ੴ ਵਾਹਿਗੁਰੂ ਜੀ ਕੀ ਫਤਹਿ ॥

"ਸਭ ਸਿੱਖਨ ਕੋ ਹੁਕਮੁ ਹੈ ਗੁਰੂ ਮਾਨਿਓ ਗ੍ਰੰਥ"



ਕੁਲਬੀਰ ਸਿੰਘ ਸਿੱਧੂ
(IAS)

# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਗੱਦੀ ਦੀ
# ਤੀਜੀ ਸ਼ਤਾਬਦੀ ਦੇ ਸਮਾਗਮਾਂ

ਦੇ ਸ਼ੁੱਭ ਮੌਕੇ

ਸ੍ਰ: ਕੁਲਬੀਰ ਸਿੰਘ ਸਿੱਧੂ ਆਈ.ਏ.ਐਸ. ਦੀ

ਅਨਮੋਲ ਰਚਨਾਂ ਦੀ ਤੀਜੀ ਐਡੀਸ਼ਨ

# ਮਾਨਵਤਾ ਦਾ ਪ੍ਰਣਾਮ ਸਰਬੰਸਦਾਨੀ ਦੇ ਨਾਮ

ਮਹੰਤ ਕਾਹਨ ਸਿੰਘ ਜੀ 'ਸੇਵਾ ਪੰਥੀ' ਟਿਕਾਣਾ ਭਾਈ ਜਗਤਾ ਜੀ ਸਾਹਿਬ
ਗੋਨਿਆਣਾ ਮੰਡੀ (ਬਠਿੰਡਾ-ਪੰਜਾਬ) ਵੱਲੋਂ

ਗੁਰੂ ਘਰ ਦੀਆਂ ਪ੍ਰੇਮੀ ਸੰਗਤਾਂ ਨੂੰ ਪ੍ਰੇਮ ਭੇਟ ਕੀਤੀ ਜਾ ਰਹੀ ਹੈ ।

ਅਸੀਂ ਸ਼ੁਕਰ ਗੁਜ਼ਾਰ ਹਾਂ ਗੁਰੂ ਸਵਾਰੇ ਗੁਰਮੁਖ ਪਿਆਰੇ ਸ੍ਰ: ਕੁਲਬੀਰ ਸਿੰਘ ਜੀ ਸਿੱਧੂ ਦੇ ਜਿਨ੍ਹਾਂ ਨੇ ਸਾਡੀ ਬੇਨਤੀ ਪ੍ਰਵਾਨ ਕਰਕੇ ਆਪਣੀ ਅਨਮੋਲ ਰਚਨਾਂ ਨੂੰ ਪ੍ਰਕਾਸ਼ਿਤ ਕਰਾਉਣ ਦੀ ਕ੍ਰਿਪਾਲਤਾ ਕੀਤੀ ਹੈ । ਉਨ੍ਹਾਂ ਦਰਸਾਇਆ ਕਿ **'ਮਾਨਵਤਾ ਦਾ ਪ੍ਰਣਾਮ ਸਰਬੰਸਦਾਨੀ ਦੇ ਨਾਮ'** ਪਹਿਲੀ ਐਡੀਸ਼ਨ ਸੰਗਤਾਂ ਨੂੰ ਖ਼ੁਦ ਭੇਂਟ ਕੀਤੀ ਸੀ, ਮੁੜ ਦੂਜੀ ਐਡੀਸ਼ਨ ਸੱਚਖੰਡ ਵਾਸੀ ਸੰਤ ਬਾਬਾ ਤੀਰਥ ਸਿੰਘ ਜੀ 'ਸੇਵਾ ਪੰਥੀ' ਦੀ ਕ੍ਰਿਪਾ ਦ੍ਰਿਸ਼ਟੀ ਤੇ ਅਸੀਸਾਂ ਸਹਿਤ ਇੱਕ ਹਜ਼ਾਰ ਕਾਪੀਆਂ ਸੰਗਤਾਂ ਨੂੰ ਅਰਪਿਤ ਕੀਤੀਆਂ ਸਨ, ਹੁਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਗੱਦੀ ਦੀ ਤੀਜੀ ਸ਼ਤਾਬਦੀ ਮਿਤੀ 30 ਅਕਤੂਬਰ 2008 ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਦਿਵਸ ਮਿਤੀ 3 ਨਵੰਬਰ 2008 ਨੂੰ ਮੁੱਖ ਰੱਖਦਿਆਂ ਸੰਗਤਾਂ ਨੂੰ ਭੇਂਟ ਕੀਤੀ ਜਾ ਰਹੀ ਹੈ । ਚਾਹਵਾਨ ਟਿਕਾਣਾ ਭਾਈ ਜਗਤਾ ਜੀ ਤੇ ਪੁਸਤਕ ਦੇ ਕਰਤਾ ਸ੍ਰ: ਕੁਲਬੀਰ ਸਿੰਘ ਜੀ ਸਿੱਧੂ, ਮਕਾਨ ਨੰ: 1374, ਨੇੜੇ ਨਿਊ ਮਿਊਂਸੀਪਲ ਭਵਨ, ਸੈਕਟਰ 68, ਮੋਹਾਲੀ ਪਾਸੋਂ ਕਿਸੇ ਵਿਧੀ ਪ੍ਰਾਪਤ ਕਰ ਸਕਦੇ ਹਨ (ਪੁਸਤਕ ਡਾਕ ਰਾਹੀਂ ਨਹੀਂ ਭੇਜੀ ਜਾਵੇਗੀ)

**ਚਮਨ ਸਿੰਘ 'ਚਮਨ'**
ਮੁੱਖ ਸੰਪਾਦਕ, ਭਾਈ ਘਨੱਈਆ 'ਸੇਵਾ ਜੋਤੀ'

# ਪ੍ਰੋਗਰਾਮ ਪ੍ਰਚਾਰ-ਯਾਤਰਾ ਅਕਤੂਬਰ 2008

ਮਹੰਤ ਭਾਈ ਕਾਹਨ ਸਿੰਘ ਜੀ 'ਸੇਵਾ ਪੰਥੀ' / ਸੰਤ ਰਣਜੀਤ ਸਿੰਘ ਜੀ 'ਸੇਵਾ ਪੰਥੀ
ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਫੋਨ : 0164-2262012, 2262051 ਫੈਕਸ : 2262657
ਮੋਬਾਇਲ : 98140-04503 (ਮਹੰਤ ਜੀ), 98140-35191(ਸੰਤ ਰਣਜੀਤ ਸਿੰਘ)

| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| 4-10-08 | ਗੋਨਿਆਣਾ | ਸਵਾਗਤ ਯਾਤਰਾ<br>ਅੰਮ੍ਰਿਤਸਰ ਤੋਂ ਸਚਖੰਡ ਹਜ਼ੂਰ ਸਾਹਿਬ<br>(ਮਹੰਤ ਮੱਖਣ ਸਿੰਘ ਜੀ ਦੀ ਅਗਵਾਈ ਵਿੱਚ)<br>ਵਿਸ਼ਰਾਮ ਰਾਤ ਟਿਕਾਣਾ ਸਾਹਿਬ ਵਿਖੇ |
| 05-10-08 | ਗੋਨਿਆਣਾ | ਰਵਾਨਗੀ ਯਾਤਰਾ<br>ਅੰਮ੍ਰਿਤਸਰ ਤੋਂ ਸਚਖੰਡ ਹਜ਼ੂਰ ਸਾਹਿਬ |
| 06-10-08 | ਗੋਨਿਆਣਾ | ਸਮਾਗਮ (300 ਸਾਲਾ ਗੁਰਤਾ ਗੱਦੀ ਨੂੰ ਸਮਰਪਿਤ)<br>ਭਾਈ ਆਸਾ ਸਿੰਘ ਗਰਲਜ਼ ਕਾਲਜ ਵਿਖੇ |
| 06-10-08 | ਸਿਰਸਾ | ਆਨੰਦ ਕਾਰਜ<br>(ਕਾਕਾ ਬਲਜਿੰਦਰਪ੍ਰੀਤ ਸਿੰਘ ਸਪੁੱਤਰ ਸ੍ਰ: ਚੱਤਰ ਸਿੰਘ) |
| 08-10-08 ਤੋਂ<br>09-10-08 ਤੱਕ | ਪਟਿਆਲਾ | ਸਾਲਾਨਾ ਸਮਾਗਮ ਅਤੇ ਬਰਸੀ<br>ਮਹੰਤ ਸੁੰਦਰ ਸਿੰਘ 'ਸੇਵਾ ਪੰਥੀ'<br>ਟਿਕਾਣਾ ਭਾਈ ਰੰਮ ਕਿਸ਼ਨ, ਸ਼ੇਰਾਂ ਵਾਲਾ ਗੇਟ |
| 10-10-08 ਤੋਂ 15-10-08 ਤੱਕ | | ਗੋਨਿਆਣਾ ਭਾਈ ਜਗਤਾ ਵਿਖੇ |
| 12-10-08 | ਗੋਨਿਆਣਾ | ਸਮਾਪਤੀ ਸ੍ਰੀ ਅਖੰਡ ਪਾਠ (ਸ੍ਰ: ਸੁਰਜਨ ਸਿੰਘ ਘੁਲਿਆਣੀ ਦੇ ਪੋਤਰੇ) ਸ੍ਰ: ਹਰਮਿੰਦਰ ਸਿੰਘ ਦੇ ਬੇਟੇ ਹਰਕਰਨ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿੱਚ |
| **15-10-08** | | **ਸੰਗਰਾਂਦ ਦੇ ਮਾਸਿਕ ਸਮਾਗਮ ਟਿਕਾਣਾ ਸਾਹਿਬ ਵਿਖੇ** |
| 17-10-08 | ਲੁਧਿਆਣਾ | ਭਾਈ ਘਨੱਈਆ ਜੀ ਨੂੰ ਸਮਰਪਿਤ ਸਮਾਗਮ ਸਵੇਰੇ 9.30 ਵਜੇ<br>ਗੁਰੂ ਨਾਨਕ ਆਡੀਟੋਰੀਅਮ, ਭਾਰਤ ਨਗਰ ਚੌਂਕ,<br>ਡਾ: ਸੁਰਜੀਤ ਸਿੰਘ ਮਾਵੀ<br>ਮੋਬਾਇਲ : 98765-18047 |
| 20-10-08 ਤੋਂ<br>04-11-08 ਤੱਕ | ਨਾਂਦੇੜ (ਮਹਾਂਰਾਸ਼ਟਰ) | ਸਮਾਗਮਾਂ ਦੌਰਾਨ (ਸੇਵਾ ਕੈਂਪਾਂ ਵਿੱਚ ਸੇਵਾ)<br>ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਨਾਂਦੇੜ ਵਿਖੇ |
| 02-11-08 | ਦਿੱਲੀ | ਆਨੰਦ ਕਾਰਜ<br>(ਕਾਕਾ ਭਵਨੀਤ ਸਿੰਘ ਸਪੁੱਤਰ ਸ੍ਰ: ਜੋਗਿੰਦਰ ਸਿੰਘ)<br>ਜੈ ਤੀਰਥ ਮਾਰਬਲ |
| 10-11-08 | ਪਿੰਜੋਰ (ਹਰਿਆਣਾ) | ਮਹੂਰਤ ਕੋਠੀ (ਸ੍ਰ: ਕੁਲਦੀਪ ਸਿੰਘ) |

**ਲੜੀਵਾਰ ਕਥਾ**

# ਸੁਖਮਨੀ ਸਾਹਿਬ

- ਮਹੰਤ ਕਾਹਨ ਸਿੰਘ 'ਸੇਵਾ ਪੰਥੀ''

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥
ਬਸਤੁ ਮਾਹਿ ਲੇ ਬਸਤੁ ਗਡਾਈ ॥
ਤਾ ਕਉ ਭਿੰਨ ਨ ਕਹਨਾ ਜਾਈ ॥
ਬੂਝੈ ਬੂਝਨਹਾਰੁ ਬਿਬੇਕੁ ॥
ਨਾਰਾਇਨ ਮਿਲੇ ਨਾਨਕ ਏਕ ॥੨॥

ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥

**ਅਰਥ :** ਸਲੋਕੁ ਦੀ ਪਿਛਲੀ ਪਉੜੀ ਵਿੱਚ ਅਰਥ ਕੀਤਾ ਗਿਆ ਹੈ ਕਿ ਪ੍ਰਮਾਤਮਾ ਸਤਿ ਸਰੂਪ ਹੈ ਮਹਾਰਾਜ ਕਹਿੰਦੇ ਹਨ ਕਿ ਜਿਸ ਜੀਵ ਨੇ ਮਾਨਿਆ (ਅਨੁਭਵ

ਕਰਨਾ) ਆਪਣੇ ਹਿਰਦੇ ਵਿੱਚ ਇਹ ਅਨੁਭਵ ਕਰ ਲਿਆ ਹੈ ਕੇ ਪ੍ਰਭੂ ਅਕਾਲ ਪੁਰਖ ਵਾਹਿਗੁਰੂ ਸਤ ਚਿਤ ਅਨੰਦ ਸਰੂਪ ਹੈ ਉਸ ਜੀਵ ਨੇ ਸਭ ਗੱਲਾਂ ਕਰਨ ਕਰਾਉਣ ਵਾਲੇ ਵਿੱਚ ਉਸ ਵਾਹਿਗੁਰੂ ਨੂੰ ਪਛਾਣ ਲਿਆ ਹੈ ।

**ਜਾ ਕੈ ਰਿਦੈ ਬਿਸ੍ਵਾਸ ਪ੍ਰਭ ਆਇਆ ॥**
**ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥**

**ਅਰਥ** : ਅੱਗੇ ਕਹਿੰਦੇ ਹਨ ਕਿ ਜਿਸ ਜੀਵ ਦੇ ਹਿਰਦੇ ਵਿੱਚ ਪੂਰਾ ਬਿਸ੍ਵਾਸ (ਨਿਸ਼ਚੇ) ਹੋ ਗਿਆ ਹੈ ਕਿ ਪ੍ਰਭੂ ਸਤ ਸਰੂਪ ਹੈ ਤਾਂ ਸਮਝ ਲਉ ਕਿ ਉਸ ਨੂੰ ਆਪਣੇ ਹਿਰਦੇ ਵਿੱਚ ਗਿਆਨ ਪ੍ਰਗਟ ਹੋ ਗਿਆ ਹੈ ।

**ਭੈ ਤੇ ਨਿਰਭਉ ਹੋਇ ਬਸਾਨਾ ॥**
**ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥**

**ਅਰਥ** : ਫਿਰ ਮਹਾਰਾਜ ਕਹਿੰਦੇ ਹਨ ਕਿ ਜਿਸ ਜੀਵ ਨੂੰ ਵਾਹਿਗੁਰੂ ਤੇ ਪੂਰਾ ਭਰੋਸਾ ਹੋ ਗਿਆ ਹੈ ਤਾਂ ਉਹ ਜੀਵ ਜਮਾਂ ਦੇ ਡਰ ਤੋਂ ਬਿਲਕੁਲ ਨਹੀਂ ਡਰਦਾ ਅਤੇ ਨਿਰਭਉ (ਨਿਡਰ) ਹੋ ਕੇ ਰਹਿੰਦਾ ਹੈ ਤੇ ਉਸ ਵਾਹਿਗੁਰੂ ਦਾ ਸਿਮਰਨ ਕਰਦੇ ਹੋਏ ਉਹ ਜੀਵ ਜਿਸ ਸਤ ਸਰੂਪ ਤੋਂ ਉਪਜਿਆ (ਪੈਦਾ ਹੋਇਆ) ਸੀ ਉਸੇ ਸਤ ਸਰੂਪ ਪ੍ਰਮੇਸ਼ਵਰ ਦੇ ਵਿੱਚ ਹੀ ਸਮਾ ਜਾਂਦਾ ਹੈ ।

**ਬਸਤੁ ਮਾਹਿ ਲੇ ਬਸਤੁ ਗਡਾਈ ॥**
**ਤਾ ਕਉ ਭਿੰਨ ਨ ਕਹਨਾ ਜਾਈ ॥**

**ਅਰਥ** : ਮਹਾਰਾਜ ਕਹਿੰਦੇ ਹਨ ਕਿ ਜਿਵੇਂ ਕਿਸੇ ਵਸਤੂ ਵਿੱਚ ਭਾਵ ਘੜੇ ਦਾ ਪਾਣੀ ਨਦੀ ਦੇ ਪਾਣੀ ਵਿੱਚ ਮਿਲਾ ਦਿੱਤਾ ਜਾਂਦਾ ਹੈ ਫ਼ਿਰ ਉਸ ਨੂੰ ਵੱਖ ਨਹੀ ਕੀਤਾ ਜਾਂਦਾ ਠੀਕ ਇਸ ਤਰ੍ਹਾਂ ਉਹ ਜੀਵ ਜੋ ਸਿਮਰਨ ਕਰਦੇ ਹਨ ਉਹਨਾਂ ਦੀ ਆਤਮਾਂ ਪ੍ਰਮਾਤ੍ਮਾਂ ਨਾਲ ਮਿਲਕੇ ਇੱਕ ਹੋ ਜਾਂਦੀ ਹੈ ਫਿਰ ਉਸ ਨੂੰ ਵਖਰਾ ਨਹੀ ਕੀਤਾ ਜਾਂਦਾ ।

**ਬੂਝੈ ਬੂਝਨਹਾਰੁ ਬਿਬੇਕੁ ॥**
**ਨਾਰਾਇਨ ਮਿਲੇ ਨਾਨਕ ਏਕ ॥੨॥**

**ਅਰਥ** : ਬ੍ਰਹਮ ਦੀ ਪਛਾਣਨ ਵਾਲੀ ਬਿਬੇਕ ਬੁਧੀ ਵਾਲਾ ਮਨੁੱਖ ਗੁਰੂ ਰਾਂਹੀ ਪ੍ਰਭੂ ਦੇ ਸਰੂਪ ਨੂੰ ਬੁਝ ਕੇ ਇਹ ਜੀਵ ਇੱਕ ਪ੍ਰਮਾਤਮਾ ਦਾ ਰੂਪ ਹੀ ਬਣ ਜਾਂਦਾ ਹੈ ।

(ਚਲਦਾ)

ੴ ਸਤਿਗੁਰ ਪ੍ਰਸਾਦਿ ॥

# ਗਉੜੀ ਬਾਵਨ ਅਖਰੀ ਮਹਲਾ-੫

- ਮਹੰਤ ਕਾਹਨ ਸਿੰਘ 'ਸੇਵਾ ਪੰਥੀ'

- ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਲੋਕੁ ॥

ਭੈ ਭੰਜਨ ਅਘ ਦੂਖ ਨਾਸ ਮਨਹਿ ਅਰਾਧਿ ਹਰੇ ॥
ਸੰਤ ਸੰਗਿ ਜਿਹ ਰਿਦ ਬਸਿਓ ਨਾਨਕ ਤੇ ਨ ਭ੍ਰਮੇ ॥੧॥

ਪਉੜੀ ॥

ਭਭਾ ਭਰਮੁ ਮਿਟਾਵਹੁ ਅਪਨਾ ॥
ਇਆ ਸੰਸਾਰੁ ਸਗਲ ਹੈ ਸੁਪਨਾ ॥
ਭਰਮੇ ਸੁਰਿ ਨਰ ਦੇਵੀ ਦੇਵਾ ॥
ਭਰਮੇ ਸਿਧ ਸਾਧਿਕ ਬ੍ਰਹਮੇਵਾ ॥
ਭਰਮਿ ਭਰਮਿ ਮਨੁਖ ਡਹਕਾਏ ॥
ਦੁਤਰ ਮਹਾ ਬਿਖਮ ਇਹ ਮਾਏ ॥
ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥
ਨਾਨਕ ਤੇਹ ਪਰਮ ਸੁਖ ਪਾਇਆ ॥੪੦॥

ਸਲੋਕੁ ॥

ਭੈ ਭੰਜਨ ਅਘ ਦੂਖ ਨਾਸ ਮਨਹਿ ਅਰਾਧਿ ਹਰੇ ॥
ਸੰਤ ਸੰਗਿ ਜਿਹ ਬਸਿਓ ਨਾਨਕ ਤੇ ਨ ਭ੍ਰਮੇ ॥੧॥

ਪਦ-ਅਰਥ : ਭੰਜਨ - ਤੋੜਨ ਵਾਲਾ, ਅਘ-ਪਾਪ, ਮਨਹਿ-ਮਨ ਵਿੱਚ ।

ਜਿਹ-ਜਿਨ੍ਹਾਂ ਦੇ ਭ੍ਰਮੇ-ਭੁਲੇਖੇ ਵਿੱਚ ਪਾਏ ।

ਅਰਥ : ਗੁਰੂ ਅਰਜਨ ਦੇਵ ਜੀ ਮਹਾਰਾਜ ਸਮਝਾਉਂਦੇ ਹਨ ਹੇ ਜੀਵ ਉਸ ਪ੍ਰਭੂ ਨੂੰ ਮਨ ਵਿੱਚ ਯਾਦ ਕਰਨਾ ਕਰੋ । ਜੋ ਹਰ ਤਰ੍ਹਾਂ ਦੇ ਡਰ ਅਤੇ ਦੁੱਖਾਂ ਨੂੰ ਨਾਸ਼ ਕਰਨ ਵਾਲਾ ਹੈ । ਪਰ ਸੰਤ ਗੁਰੂ ਦੀ ਸੰਗਤ ਅਤੇ ਕ੍ਰਿਪਾ ਦੇ ਨਾਲ ਜਿਸ ਦੇ ਹਿਰਦੇ ਵਿੱਚ ਪ੍ਰਭੂ ਦਾ ਧਿਆਨ ਵਸ ਗਿਆ ਹੈ ਉਹ ਮਨੁਖ ਭ੍ਰਮ ਵਿੱਚ ਨਹੀ ਪੈਂਦਾ ਭਾਵ ਪ੍ਰਭੂ ਨੂੰ ਦੂਰ ਨਹੀ ਸਮਝਦਾ ।

ਭਭਾ ਭਰਮੁ ਮਿਟਾਵਹੁ ਅਪਨਾ ॥
ਇਆ ਸੰਸਾਰੁ ਸਗਲ ਹੈ ਸੁਪਨਾ ॥

ਅਰਥ : ਭਤੇ ਅੱਖਰ ਦੁਆਰਾ ਗੁਰੂ ਸਾਹਿਬਾ ਜੀ ਫਰਮਾਉਂਦੇ ਹਨ ਹੇ ਜੀਵ ਆਪਣੇ ਅੰਦਰੋਂ ਕਿਸੇ ਨੂੰ ਦੁਸ਼ਮਣ ਸਮਝਣਾ ਇਹ ਭ੍ਰਮ ਹੈ ਅਤੇ ਇਸ ਨੂੰ ਮਿਟਾ ਦਿਉ ਤੇ ਜਿੰਨਾ ਵੀ ਇਹ ਸੰਸਾਰ ਹੈ ਇਹ ਸੁਪਨੇ ਵਾਂਗ ਸਭ ਝੂਠਾ ਹੈ ।

ਭਰਮੇ ਸੁਰਿ ਨਰ ਦੇਵੀ ਦੇਵਾ ॥
ਭਰਮੇ ਸਿਧ ਸਾਧਿਕ ਬ੍ਰਹਮੇਵਾ ॥

ਅਰਥ : ਪਰ ਅਗਿਆਨਤਾ ਵਸ ਦੇਵਤੇ ਅਤੇ ਮਨੁਖ ਵੀ ਭ੍ਰਮ ਗਏ ਮਾਇਕ ਪਦਾਰਥਾਂ ਨੂੰ ਸੱਚਾ ਜਾਣ ਕੇ ਇਹਨਾਂ ਪਿੱਛੇ ਭਟਕਦੇ ਰਹੇ । ਸਿਧੀਆਂ ਨੂੰ ਪ੍ਰਾਪਤ ਹੋ ਚੁੱਕੇ ਸਿਧ ਲੋਕ, ਸਾਧਨਾ ਕਰਨ ਵਾਲੇ ਜਗਿਆਸੀ ਅਤੇ ਬ੍ਰਹਮਾ ਆਦਿਕ ਵੀ ਭ੍ਰਮ ਵਿੱਚ ਪੈ ਕੇ ਦੁਖੀ ਹੋਏ ।

ਭਰਮਿ ਭਰਮਿ ਮਨੁਖ ਡਹਕਾਏ ॥
ਦੁਤਰ ਮਹਾ ਬਿਖਮ ਇਹ ਮਾਏ ॥

ਅਰਥ : ਸ੍ਰਿਸਟੀ ਦੇ ਅਨੇਕਾਂ ਹੀ ਮਨੁੱਖ ਮਾਇਕ ਵਿਕਾਰਾਂ ਦੀ ਪ੍ਰਾਪਤੀ ਪਿੱਛੇ ਭਟਕਦੇ ਦੁਖੀ ਹੁੰਦੇ ਚਲੇ ਆ ਰਹੇ ਹਨ । ਮਾਇਆ ਦੇ ਵਿਕਾਰਾਂ ਦੇ ਸਮੁੰਦਰ ਤੋਂ ਤਰਨਾ ਬਹੁਤ ਔਖਾ ਹੈ ।

ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥
ਨਾਨਕ ਤੇਹ ਪਰਮ ਸੁਖ ਪਾਇਆ ॥੪੦॥

ਅਰਥ : ਗੁਰੂ ਸਾਹਿਬ ਜੀ ਕਥਨ ਕਰਦੇ ਹਨ ਜਿਨ੍ਹਾਂ ਨੇ ਗੁਰੂ ਦੀ ਮਤ ਲੈਕੇ ਮਾਇਕ ਵਿਕਾਰਾਂ ਦੀ ਭਟਕਣਾ ਮਾਇਆ ਦਾ ਮੋਹ ਤੇ ਹਰ ਤਰ੍ਹਾਂ ਦੇ ਡਰ ਨੂੰ ਆਪਣੇ ਅੰਦਰੋਂ ਮਿਟਾ ਦਿੱਤਾ ਹੈ । ਤਿਸ ਮਨੁੱਖ ਨੇ ਪ੍ਰਭੂ ਚਰਨਾਂ ਵਿੱਚ ਸੁਰਤ ਜੋੜ ਕੇ ਜੀਵਨ ਵਿੱਚ ਪਰਮ ਸੁਖ ਪ੍ਰਾਪਤ ਕੀਤਾ ਹੈ ।

(ਚਲਦਾ.)

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਨਾਂਦੇੜ ਦੱਖਣ (ਮਹਾਂਰਾਸ਼ਟਰ) ਤਖਤ ਸੱਚਖੰਡ ਸ੍ਰੀ ਹਜੂਰ ਸਾਹਿਬ ਵਿਖੇ 1708 ਈ: ਵਿੱਚ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਸਮੂਹ ਗੁਰਸਿੱਖ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲਾਉਣ ਲਈ ਇੱਕਤਰ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸੀਸ ਨਿਵਾ ਕੇ ਗੁਰਿਆਈ ਦੇਣ ਦੀ ਮਰਯਾਦਾ ਕਰਕੇ ਬਚਨ ਕੀਤੇ :

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ ।
ਸਬ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ।
ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ ।
ਜੋ ਪ੍ਰਭੁ ਕੋ ਮਿਲਬੋ ਚਹੇ ਖੋਜ ਸਬਦ ਮੈਂ ਲੇਹ ।

(ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ, ਪੰਨਾ 353)

ਕਵੀ ਭਾਈ ਨੰਦ ਲਾਲ ਜੀ ਜੋ ਗੁਰੂ ਸਾਹਿਬ ਜੀ ਦੇ ਨਿਕਟਵਰਤੀ ਅਤੇ ਸਮਕਾਲੀ ਸਨ ਉਹਨਾਂ ਨੇ ਆਪਣੇ ਰਹਿਤਨਾਮੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਚਾਰਣ ਕੀਤੇ ਬਚਨਾਂ ਨੂੰ ਆਪਣੀ ਕਵਿਤਾ ਵਿੱਚ ਇਉਂ ਲਿਖਿਆ ਹੈ :

ਦੂਸਰ ਰੂਪ ਗ੍ਰੰਥ ਜੀ ਜਾਣ ਉਨ ਕੋ ਅੰਗ ਮੇਰੋ ਕਰ ਮਾਨ
ਮੇਰਾ ਰੂਪ ਗ੍ਰੰਥ ਜੀ ਜਾਣ ਇਸ ਮੈ ਭੇਦ ਨਹੀ ਕਛੁ ਮਾਨ ।

ਕਵੀ ਮੋਹਨ ਨੇ ਗੁਰੂ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਇਉਂ ਲਿਖਿਆ ਹੈ ।

ਮਮ ਆਗਿਆ ਸਭ ਹੀ ਸੁਨੋ ਸਤਿ ਬਚਨ ਨਿਰਧਾਰ ।
ਗਰੰਥ ਗੁਰੂ ਸਮ ਮਾਨੀਓ ਭੇਦ ਨ ਕੋਊ ਬਿਚਾਰ । ੪੦੯ ।
ਗੁਰੂ ਗਰੰਥ ਕਲਜੁਗ ਭਯੋ ਸ੍ਰੀ ਗੁਰੂ ਰੂਪ ਮਹਾਨ ।
ਦਸ ਪਾਤਸ਼ਾਹੀਆਂ ਰੂਪ ਇਹ ਗੁਰੂ ਗਰੰਥ ਕੋ ਜਾਨ । ੪੧੨।
ਗੁਰੂ ਦਰਸ ਜਿਹ ਦੇਖਨਾ ਸ੍ਰੀ ਗੁਰੂ ਗਰੰਥ ਦਰਸਾਇ ।
ਬਾਤ ਕਰਨਿ ਗੁਰ ਸੋ ਚਹੈ ਪੜ੍ਹੈ ਗਰੰਥ ਮਨ ਲਾਇ । ੪੧੩।

ਜਦ ਵਾਕ ਲਿਆ ਤਾਂ ਹੁਕਮ ਇਹ ਆਇਆ :

ਮਾਰੂ ਮਹਲਾ ੫ ॥

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥
ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥ ੧ ॥
ਅਬ ਮੋਹਿ ਜੀਵਨ ਪਦਵੀ ਪਾਈ ॥
ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥ ੧ ॥ ਰਹਾਉ ॥
ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥ ੨ ॥
ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ ॥
ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ ॥ ੩ ॥
ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ ॥
ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥ ੪ ॥ ੬ ॥

(ਅੰਗ ੧੦੦੦)

# ਅਸੀਸ

ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਸਦਕਾ ਭਾਈ ਘ2ਨੱਈਆ ਜੀ ਨੇ ਸੇਵਾ, ਸਿਮਰਨ ਤੇ ਵਿੱਦਿਆ ਦੇ ਮਹਾਨ ਕੇਂਦਰ ਉਸਾਰ ਕੇ 'ਸੇਵਾ ਪੰਥੀ' ਸੰਪਰਦਾ ਦੀ ਸਥਾਪਨਾ ਕੀਤੀ। ਸੇਵਾ ਪੰਥੀ ਸਾਧੂਆਂ ਨੇ ਆਪਣੇ ਹੱਥੀਂ ਵਾਣ ਵੱਟ ਕੇ, ਮੁੰਜ ਕੁੱਟ ਕੇ, ਦਸਾਂ-ਨਹੁੰਆਂ ਦੀ ਕਿਰਤ-ਕਮਾਈ ਕਰਕੇ ਥਾਂ-ਥਾਂ ਖੂਹ, ਟੋਭੇ, ਬਾਉਲੀਆਂ, ਮੰਦਰ, ਮਸਜਿਦ ਤੇ ਗੁਰਦੁਆਰੇ (ਧਰਮਸ਼ਾਲਾ) ਬਣਾਏ।

ਸੇਵਾ ਪੰਥੀ ਸਾਧੂ ਗੁਰਬਾਣੀ ਦਾ ਪ੍ਰਚਾਰ ਗੁਟਕੇ, ਪੋਥੀਆਂ, ਸੀਡੀਜ਼, ਕੈਸਿਟਾਂ ਤੇ ਪੁਸਤਕਾਂ ਰਾਹੀਂ ਮੁਫ਼ਤ ਕਰਦੇ ਹਨ ਤੇ ਕਰ ਰਹੇ ਹਨ। ਸੰਤ ਕਾਹਨ ਸਿੰਘ, ਭਾਈ ਸੇਵਾ ਰਾਮ ਜੀ, ਭਾਈ ਅੱਡਣ ਸ਼ਾਹ ਜੀ, ਭਾਈ ਭੱਲਾ ਰਾਮ ਜੀ ਦੇ ਪੂਰਨਿਆਂ ਤੇ ਚੱਲਦੇ ਹੋਏ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ।

ਸੰਤ ਜੀ ਦੀਆਂ ਤਿੰਨ ਪੁਸਤਕਾਂ ਬਾਰਹ ਮਾਹਾ (ਤੁਖਾਰੀ ਤੇ ਮਾਂਝ) ਸਟੀਕ, ਅਨੰਦੁ ਸਾਹਿਬ ਸਟੀਕ ਅਤੇ ਰਹਿਰਾਸ ਸਾਹਿਬ ਤੇ ਸੋਹਿਲਾ ਸਟੀਕ ਛਪ ਚੁੱਕੀਆਂ ਹਨ। ਸੰਤ ਕਾਹਨ ਸਿੰਘ ਭਾਈ ਘਨੱਈਆ ਸੇਵਾ ਜੋਤੀ ਮੈਗਜ਼ੀਨ ਦੇ ਸਰਪ੍ਰਸਤ ਵੀ ਹਨ। ਅੱਜ-ਕੱਲ੍ਹ ਇਸ ਮੈਗਜ਼ੀਨ ਵਿੱਚ 'ਗਉੜੀ ਬਾਵਨ ਅਖਰੀ ਮਹਲਾ ੫॥' ਬਾਣੀ ਦੀ ਲੜੀਵਾਰ ਕਥਾ ਛਪ ਰਹੀ ਹੈ। ਸੰਤ ਜੀ ਦੇ ਅਖ਼ਬਾਰਾਂ ਤੇ ਮੈਗਜ਼ੀਨਾਂ ਵਿੱਚ ਵੀ ਕਈ ਲੇਖ ਛਪ ਚੁੱਕੇ ਹਨ।

ਸੰਤ ਕਾਹਨ ਸਿੰਘ ਨੂੰ ਬਾਣੀ ਨਾਲ ਅਤਿ ਸਨੇਹ ਹੈ। ਆਪ ਨੇ ਲਗਾਤਾਰ ਅੱਠ-ਅੱਠ, ਦਸ-ਦਸ ਘੰਟੇ ਖੁੱਲ੍ਹਾ ਪਾਠ ਕਰਨਾ, ਨਾ ਥੱਕਣਾ ਨਾ ਅੱਕਣਾ। ਆਪ ਨੂੰ ਗੁਰਬਾਣੀ ਬਹੁਤ ਕੰਠ ਹੈ। ਆਪ ਸੁੱਤਿਆਂ ਹੀ ਕਈ ਵਾਰ ਜਪੁਜੀ ਸਾਹਿਬ, ਚੌਪਈ ਸਾਹਿਬ ਦੇ ਪਾਠ ਕਰ ਜਾਂਦੇ ਹਨ। ਜਦੋਂ ਤੋਂ (1985) 'ਭਾਈ ਘਨੱਈਆ ਸੇਵਾ ਜੋਤੀ' ਮੈਗਜ਼ੀਨ ਛਪਣਾ ਸ਼ੁਰੂ ਹੋਇਆ ਹੈ। ਉਸ ਸਮੇਂ ਤੋਂ ਹੀ ਆਪ ਦੇ ਅਨੇਕਾਂ ਲੇਖ ਮੈਗਜ਼ੀਨ ਵਿੱਚ ਛਪ ਚੁੱਕੇ ਹਨ।

ਇਹ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਗੁਰਤਾ-ਗੱਦੀ ਦਿਵਸ ਨੂੰ ਸਮਰਪਿਤ ਹੈ। ਇਸ ਪੁਸਤਕ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਦਰਸਾਈ ਗਈ ਹੈ। ਸੰਤ ਜੀ ਪ੍ਰਸ਼ਾਦ ਵਾਂਗ ਕੈਸਿਟਾਂ, ਗੁਟਕੇ, ਸੀਡੀਜ਼, ਪੁਸਤਕਾਂ ਮੁਫ਼ਤ ਵੰਡ ਰਹੇ ਹਨ। ਸੇਵਾ ਪੰਥੀ ਸੰਪਰਦਾਇ ਦੇ ਸਿਧਾਂਤ ਅਨੁਸਾਰ ਆਪ ਸਿੱਖ ਧਰਮ ਦਾ ਤੇ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ। ਸੰਤ ਕਾਹਨ ਸਿੰਘ ਵਧਾਈ ਦੇ ਪਾਤਰ ਹਨ।

ਸਤਿਗੁਰੂ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਉਨ੍ਹਾਂ ਨੂੰ ਸਿਹਤਯਾਬੀ ਅਤੇ ਦੀਰਘ ਆਯੂ ਬਖ਼ਸ਼ੇ ਤਾਂ ਕਿ ਭੁੱਲੀ-ਭਟਕੀ ਲੁਕਾਈ ਇਨ੍ਹਾਂ ਦੇ ਵਿਚਾਰਾਂ ਤੋਂ ਜਾਣੂ ਹੋ ਕੇ ਗੁਰੂ ਦੀ ਖ਼ੁਸ਼ੀ ਹਾਸਲ ਕਰ ਸਕੇ।

ਟਿਕਾਣਾ ਭਾਈ ਜਗਤਾ ਜੀ ਸਾਹਿਬ
ਗੋਨਿਆਣਾ ਮੰਡੀ ਜ਼ਿਲ੍ਹਾ : ਬਠਿੰਡਾ (ਪੰਜਾਬ)

ਦਾਸਨ ਦਾਸ :
ਤੀਰਥ ਸਿੰਘ 'ਸੇਵਾ ਪੰਥੀ'

ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ

## ਮੂਲ ਮੰਤਰ ਦੇ ਦਰਸ਼ਨ

ਸਿੱਖ ਧਰਮ ਦਾ ਮੂਲ ਅਕਾਲ ਪੁਰਖ ਹੈ। ਅਕਾਲ ਪੁਰਖ ਦਾ ਸਰੂਪ ਅਤੇ ਗੁਣਾ ਦੀ ਵਿਆਖਿਆ ਮੂਲ ਰੂਪ ਵਿੱਚ ਹੀ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਮੂਲ ਮੰਤਰ ਆਰੰਭ ਵਿੱਚ ਦਰਜ ਹੈ ਜਿਸ ਵਿੱਚ ਪਰਮਾਤਮਾ ਦੇ ਸਰੂਪ ਦੀ ਵਿਆਖਿਆ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਇਹ ਮੂਲ ਮੰਤਰ ਕਿਸੇ ਸਥਾਨ ਤੇ ਪੂਰਾ ਅਤੇ ਕਿਸੇ ਸਥਾਨ ਤੇ ਛੋਟੇ ਰੂਪ ਵਿੱਚ ਆਇਆ ਹੈ। ਮੂਲ ਮੰਤਰ ਦੇ ਕੁਝ ਰੂਪ ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ :-

1 ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ

2 ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ

3 ੴ ਸਤਿਨਾਮੁ ਗੁਰ ਪ੍ਰਸਾਦਿ

4 ੴ ਸਤਿ ਗੁਰ ਪ੍ਰਸਾਦਿ

ਗੁਰੂ ਗ੍ਰੰਥ ਸਾਹਿਬ ਵਿੱਚ ਪੂਰਾ ਮੂਲ ਮੰਤਰ ( ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ) 33 ਵਾਰ ਆਇਆ ਹੈ, ਜਿਸ ਦੇ ਦਰਸ਼ਨ ਸਾਨੂੰ ਇਹਨਾਂ ਅੰਕਾਂ ਤੇ ਹੁੰਦੇ ਹਨ :-


1 ਜਪੁ ਜੀ ਸਾਹਿਬ....................1

2 ਰਾਗੁ ਮਾਝ....................94

3 ਰਾਗੁ ਗਉੜੀ....................151

4 ਰਾਗੁ ਆਸਾ....................347

5 ਆਸਾ ਦੀ ਵਾਰ....................462

6 ਰਾਗੁ ਆਸਾ ਬਾਣੀ ਭਗਤਾ ਕੀ....................475

7 ਰਾਗ ਗੂਜਰੀ....................489

8 ਰਾਗੁ ਦੇਵਗੰਧਾਰੀ....................527

9 ਰਾਗੁ ਬਿਹਾਗੜਾ....................537

10 ਰਾਗੁ ਵਡਹੰਸੁ....................557

11 ਰਾਗੁ ਸੋਰਠਿ....................595

12 ਰਾਗੁ ਧਨਾਸਰੀ....................660

13 ਰਾਗੁ ਟੋਡੀ....................711

14 ਰਾਗੁ ਤਿਲੰਗ............721
15 ਰਾਗੁ ਸੂਹੀ............728
16 ਰਾਗੁ ਬਿਲਾਵਲ............795
17 ਰਾਗੁ ਗੋਂਡ............859
18 ਰਾਗੁ ਰਾਮਕਲੀ............876
19 ਰਾਗੁ ਨਟ ਨਾਰਾਇਨ............975
20 ਰਾਗੁ ਮਾਲੀ ਗਉੜਾ............984
21 ਰਾਗੁ ਮਾਰੂ............989
22 ਰਾਗੁ ਭੈਰਉ............1125
23 ਰਾਗੁ ਬਸੰਤ............1168
24 ਰਾਗੁ ਸਾਰੰਗ............1197
25 ਰਾਗੁ ਮਲਾਰ............1254
26 ਰਾਗੁ ਕਾਨੜਾ............1294
27 ਰਾਗੁ ਕਲਿਆਣ............1319
28 ਰਾਗੁ ਪ੍ਰਭਾਤੀ............1327
29 ਰਾਗੁ ਜੈਜਾਵੰਤੀ............1352
30 ਸਲੋਕ ਸਹਸਕ੍ਰਿਤੀ ਮਹਲਾ ਪਹਿਲਾ............1353
31 ਸਲੋਕ ਸਹਸਕ੍ਰਿਤੀ ਮਹਲਾ ਪੰਜਵਾ............1353
32 ਰਾਗੁ ਸਵਯੇ ਸ੍ਰੀ ਮੁਖ ਵਾਕ ਮਹਲਾ ਪੰਜਵਾ............1385
33 ਸਲੋਕ ਵਾਰਾਂ ਤੇ ਵਧੀਕ............1410

2. ਗੁਰੂ ਗ੍ਰੰਥ ਸਾਹਿਬ ਵਿੱਚ " ੧ੴ ਸਤਿਨਾਮੁ ਕਰਤਾ ਪੁਰਖ ਗੁਰ ਪ੍ਰਸਾਦਿ " ਨੌ ਵਾਰ ਆਇਆ ਹੈ ਜਿਸ ਦੇ ਦਰਸ਼ਨ ਇਹਨਾਂ ਪੰਨਿਆਂ ਉਪਰ ਹੁੰਦੇ ਹਨ :- 137, 220, 235, 242, 243, 323, 340, 345, 855

3. ਗੁਰੂ ਗ੍ਰੰਥ ਸਾਹਿਬ ਵਿੱਚ "੧ੴ ਸਤਿਨਾਮ ਗੁਰ ਪ੍ਰਸਾਦਿ " ਦੋ ਵਾਰ ਆਇਆ ਹੈ ਜਿਹੜਾ ਪੰਨਾ 81 ਅਤੇ 544 ਉਪਰ ਦਰਜ਼ ਹੈ।

4. ਗੁਰੂ ਗ੍ਰੰਥ ਸਾਹਿਬ ਵਿੱਚ " ੧ੴ ਸਤਿ ਗੁਰ ਪ੍ਰਸਾਦਿ 524 ਵਾਰ ਆਇਆ ਹੈ।

5. " ੧ੴ ਸਤਿ ਗੁਰ ਪ੍ਰਸਾਦਿ" ਪੰਜ ਰਾਗਾਂ ਦੇ ਆਰੰਭ ਵਿੱਚ ਵੀ ਆਇਆ ਹੈ।

ਸ੍ਰੀ ਰਾਗੁ............14
ਜੈਤਸਰੀ............696

ਰਾਗੁ ਬੈਰਾੜੀ........................................................................719
ਤੁਖਾਰੀ.............................................................................1107
ਰਾਗੁ ਕੇਦਾਰਾ .......................................................................1108

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ਼
# ਰਾਗਾਂ ਵਿੱਚ ਗੁਰੂਆਂ ਦੀ ਬਾਣੀ

ਗੁਰੂ ਗ੍ਰੰਥ ਸਾਹਿਬ ਵਿੱਚ ਕੁਲ 31 ਮੁੱਖ ਰਾਗੁ ਹਨ ਅਤੇ 30 ਛਾਇਆ ਲਗ ਰਾਗ ਹਨ ਜਿਵੇਂ ਗਉੜੀ ਪੂਰਬੀ ਗਉੜੀ ਦੀਪਕੀ ਆਦਿ। ਗੁਰੂ ਨਾਨਕ ਦੇਵ ਜੀ ਦੀ ਬਾਣੀ 19 ਰਾਗਾਂ ਵਿੱਚ ਹੈ। ਆਪ ਜੀ ਦੇ ਕੁੱਲ 974 ਸ਼ਬਦ ਹਨ। ਗੁਰੂ ਅੰਗਦ ਦੇਵ ਜੀ ਨੇ ਰਾਗਾਂ ਵਿੱਚ ਬਾਣੀ ਨਹੀ ਉਚਾਰੀ। ਪਰ ਆਪ ਜੀ ਦੇ 62 ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ। ਗੁਰੂ ਅਮਰਦਾਸ ਜੀ ਦੀ ਬਾਣੀ (869 ਸਬਦ) 17 ਰਾਗਾਂ ਵਿੱਚ ਹੈ। ਗੁਰੂ ਰਾਮਦਾਸ ਜੀ (638 ਸਬਦ) ਅਤੇ ਗੁਰੂ ਅਰਜਨ ਦੇਵ ਜੀ (2312 ਸਬਦ) ਦੀ ਬਾਣੀ ਤੀਹ-ਤੀਹ ਰਾਗਾਂ ਵਿੱਚ ਹੈ। (ਜੈਜਾਵੰਤੀ ਵਿੱਚ ਨਹੀ) ਗੁਰੂ ਤੇਗ ਬਹਾਦਰ ਜੀ ਦੀ ਬਾਣੀ (116 ਸਬਦ) 15 ਰਾਗਾਂ ਵਿੱਚ ਹੈ। ਸਾਰੇ ਰਾਗਾਂ ਵਿੱਚ ਸਾਰਿਆਂ ਗੁਰੂਆਂ ਦੀ ਬਾਣੀ ਨਹੀਂ ਹੈ। ਜੈਜਾਵੰਤੀ ਵਿੱਚ ਕੇਵਲ ਗੁਰੂ ਤੇਗ ਬਹਾਦਰ ਜੀ ਦੀ ਹੀ ਬਾਣੀ ਹੈ।

ਜਿਹੜੇ ਰਾਗਾਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਹੀ ਹੈ ਉਹ ਹਨ :-ਰਾਗੁ ਦੇਵਗੰਧਾਰੀ ਰਾਗੁ ਬਿਹਾਗੜਾ, ਰਾਗੁ ਜੈਤਸਰੀ, ਰਾਗੁ ਟੋਡੀ, ਰਾਗੁ ਬੈਰਾੜੀ, ਰਾਗੁ ਗੋਂਡ, ਰਾਗੁ ਨਟ ਨਾਰਾਇਨ, ਰਾਗੁ, ਮਾਲੀ ਗਉੜਾ, ਰਾਗੁ ਕੇਦਾਰਾ, ਰਾਗ ਕਾਨੜਾ, ਰਾਗੁ ਕਲਿਆਣ ਰਾਗੁ ਜੈਜਾਵੰਤੀ। (12 ਰਾਗੁ)

ਜਿਹੜੇ ਰਾਗਾਂ ਵਿੱਚ ਗੁਰੂ ਅਮਰਦਾਸ ਜੀ ਦੀ ਬਾਣੀ ਨਹੀ ਹੈ। ਉਹ ਹਨ :- ਰਾਗੁ ਦੇਵਗੰਧਾਰੀ, ਰਾਗੁ ਜੈਤਸਰੀ, ਰਾਗੁ ਟੋਡੀ , ਰਾਗੁ ਬੈਰਾੜੀ, ਰਾਗ ਤਿਲੰਗੁ, ਰਾਗੁ ਗੋਂਡ, ਰਾਗੁ ਨਟ ਨਾਰਾਇਨ, ਰਾਗੁ ਮਾਲੀ ਗਉੜਾ, ਰਾਗੁ ਤੁਖਾਰੀ, ਰਾਗੁ ਕੇਦਾਰਾ, ਰਾਗ ਕਾਨੜਾ, ਰਾਗੁ ਕਲਿਆਣ, ਰਾਗੁ ਜੈਜਾਵੰਤੀ। (13 ਰਾਗੁ)

ਜਿਹੜੇ ਰਾਗਾਂ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨਹੀ ਹੈ ਉਹ ਹਨ :- ਸ੍ਰੀ ਰਾਗੁ, ਰਾਗੁ ਮਾਝ, ਰਾਗ ਗੂਜਰੀ, ਰਾਗੁ ਵਡਹੰਸੁ, ਰਾਗੁ ਬੈਰਾੜੀ, ਰਾਗੁ ਸੂਹੀ, ਰਾਗੁ ਭੈਰਉ, ਰਾਗੁ ਮਲਾਰ, ਰਾਗੁ ਪ੍ਰਭਾਤੀ, ਰਾਗੁ, ਗੋਂਡ, ਰਾਗੁ ਨਟ ਨਾਰਾਇਨ, ਰਾਗੁ ਮਾਲੀ ਗਉੜਾ, ਰਾਗੁ ਤੁਖਾਰੀ, ਰਾਗੁ ਕੇਦਾਰਾ, ਰਾਗੁ ਭੈਰਉ, ਰਾਗ ਮਲਾਰ, ਰਾਗ ਕਾਨੜਾ, ਰਾਗੁ ਕਲਿਆਣ, ਰਾਗੁ ਪ੍ਰਭਾਤੀ। (16 ਰਾਗੁ)

ਲਖਵਿੰਦਰ ਸਿੰਘ
ਯੂਨੀਵਰਸਲ ਪਬਲਿਕ ਹਾਈ ਸਕੂਲ
ਤਲਵੰਡੀ ਸਾਬੋ (151302)
99156-59372

# ਸਰਵੋਤਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ

- ਕਾਹਨ ਸਿੰਘ 'ਸੇਵਾ ਪੰਥੀ'

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ ੫ ॥ ੪ ॥**

(ਨਟ ਮਹਲਾ ੪, ਅੰਗ ੯੮੨)

**ਯਾ ਮਹਿ ਅੰਮ੍ਰਿਤ ਗਿਆਨ ਹੈ ਮਾਣਕ ਭਗਤਿ ਵੈਰਾਗ**
**ਸ੍ਰੀ ਗੁਰੂ ਗ੍ਰੰਥ ਸਾਹਿਬ ਉਦਧਿ ਬੰਦੋ ਕਰਿ ਅਨੁਰਾਗ ॥ ੧ ॥**

(ਗੁਰ ਪ੍ਰਤਾਪ ਸੂਰਜ ਗ੍ਰੰਥ)

ਜਗਤ ਗੁਰੂ ਸਰਵੋਤਮ ਸਰਬ-ਸਾਂਝੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਸਰੋਤਾ ਜਨੋਂ ਆਪ ਸਮੂਹ ਸੰਗਤਾਂ, ਗੁਰਸਿੱਖ ਪ੍ਰੇਮੀ, ਬ੍ਰਹਮ-ਗਿਆਨ ਦੇ ਸੂਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਕਿਰਨਾਂ ਪ੍ਰਾਪਤ ਕਰਕੇ ਆਪਣੇ ਹਿਰਦਿਆਂ ਨੂੰ ਰੋਸ਼ਨ ਕਰ ਰਹੇ ਹੋ। ਸੰਸਾਰ ਦੇ ਅੰਦਰ ਇਹ ਪਹਿਲਾ ਸਮਾਂ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਗੁਰੂ ਦੇ ਬਚਨਾਂ ਨੂੰ ਪਰਮੇਸ਼ਰ ਵੱਲੋਂ ਆਏ ਸ਼ਬਦ ਨੂੰ ਗੁਰੂ ਤੇ ਮਨੁੱਖ ਦੀ ਸੁਰਤ ਨੂੰ ਚੇਲਾ ਵਰਨਣ ਕੀਤਾ :

**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ੪੪॥**

(ਰਾਮਕਲੀ ਮਹਲਾ ੧ ਸਿਧ ਗੋਸਟਿ, ਅੰਗ ੯੪੩)

ਫਿਰ ਗੁਰੂ ਰਾਮਦਾਸ ਜੀ ਮਹਾਰਾਜ ਨੇ ਗੁਰੂ ਦੀ ਬਾਣੀ ਨੂੰ ਹੀ ਗੁਰੂ ਮੰਨਿਆ ਦੱਸਿਆ ਹੈ :

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ ੫ ॥ ੪ ॥**

(ਨਟ ਮਹਲਾ ੪, ਅੰਗ ੯੮੨)

ਇਸ ਗੁਰਬਾਣੀ ਦੇ ਸੰਗ੍ਰਹਿ ਦਾ ਸੰਪਾਦਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਮਸਰ (ਅੰਮ੍ਰਿਤਸਰ) ਦੇ ਸਥਾਨ ਤੇ ਜੋ ਉਸ ਸਮੇਂ ਇਕਾਂਤ ਸਥਾਨ ਸੀ, ਜਿੱਥੇ ਹੁਣ ਨੌ ਮੰਜ਼ਿਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਸੁਸ਼ੋਭਿਤ ਹੈ, ਭਾਈ ਗੁਰਦਾਸ ਜੀ ਨੂੰ ਲਿਖਾਰੀ ਦੀ ਸੇਵਾ ਦੇ ਕੇ 1601 ਈਸਵੀ ਨੂੰ ਆਰੰਭ ਕੀਤਾ। 1604 ਈਸਵੀ ਅਰਥਾਤ 1661 ਬਿਕ੍ਰਮੀ ਭਾਦੋਂ ਦੇ ਮਹੀਨੇ ਵਿੱਚ ਮੁਕੰਮਲ ਕੀਤਾ। ਉਸ ਤੋਂ 2 ਦਿਨ ਬਾਅਦ ਹੀ ਭਾਦੋਂ ਸੁਦੀ ਏਕਮ 1661 ਬਿਕ੍ਰਮੀ ਸੰਮਤ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਸ ਦਾ ਪਹਿਲਾ ਪ੍ਰਕਾਸ਼ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਤੁਲ ਜਾਣ ਕੇ ਆਪ ਚੌਰ ਫੇਰਨ ਦੀ ਸੇਵਾ ਕੀਤੀ ਅਤੇ ਇਸ ਦੀ ਵਡਿਆਈ ਦੱਸਦੇ ਹੋਏ ਬਚਨ ਕੀਤਾ :-

**ਪੋਥੀ ਪਰਮੇਸਰ ਕਾ ਥਾਨੁ ॥**
**ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥ ੧॥ ੯੦॥ ੧੧੩॥**

(ਸਾਰਗ ਮਹਲਾ ੫, ਅੰਗ ੧੨੨੬)

ਇਹ ਪੋਥੀ ਅਰਥਾਤ ਗੁਰੂ ਗ੍ਰੰਥ ਸਾਹਿਬ ਪਰਮੇਸ਼ਰ ਦਾ ਨਿਵਾਸ ਸਥਾਨ ਹੈ। ਇਸ ਗ੍ਰੰਥ

ਸਾਹਿਬ ਵਿੱਚੋਂ ਜੋ ਮਨੁੱਖ ਸਾਧ-ਸੰਗਤ ਰਾਹੀਂ ਪਵਿੱਤਰ ਬਾਣੀ ਦੁਆਰਾ ਗੋਬਿੰਦ ਦੇ ਗੁਣ ਗਾਉਣਗੇ ਉਨ੍ਹਾਂ ਨੂੰ ਪੂਰਨ ਬ੍ਰਹਮ (ਪਰਮਾਤਮਾ) ਦੇ ਦਰਸ਼ਨ ਹੋਣਗੇ । ਇਸ ਗੱਲ ਨੂੰ ਹੀ ਸਪੱਸ਼ਟ ਕਰਦਿਆਂ ਦਸਮ ਪਾਤਸ਼ਾਹ ਨੇ ਬਚਨ ਕੀਤਾ :

**ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ ।**
**ਜੋ ਪ੍ਰਭੂ ਕੋ ਮਿਲਬੋ ਚਹੇ ਖੋਜ ਸਬਦ ਮੈਂ ਲੇਹ ।**

(ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ, ਪੰਨਾ 353)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣਾ ਹੈ, ਗੁਰੂ ਗ੍ਰੰਥ ਸਾਹਿਬ ਦਾ ਸਰੂਪ ਗੁਰੂ ਦੀ ਦੇਹ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਜੋ ਬਾਣੀ ਹੈ, ਸ਼ਬਦ ਹਨ ਇਹ ਗੁਰੂ ਦੀ ਆਤਮਾ ਹੈ । ਪਰਮੇਸ਼ਰ ਦੀ ਜੋਤ ਹੈ । ਜਿਸ ਦੇ ਅੰਦਰ ਪਰਮੇਸ਼ਰ ਨੂੰ ਮਿਲਣ ਪਾਉਣ ਦੀ ਤਾਂਘ ਹੈ । ਉਹ ਸ਼ਬਦ ਵਿੱਚੋਂ ਖੋਜ ਕਰਕੇ ਪ੍ਰਾਪਤ ਕਰ ਲਵੇ ।

ਜਗਤ ਦੇ ਅੰਦਰ ਅਨੇਕਾਂ ਧਰਮ ਪੁਸਤਕਾਂ ਅਤੇ ਧਰਮ ਗ੍ਰੰਥ ਹਨ ਜਿਨ੍ਹਾਂ ਤੋਂ ਮਨੁੱਖ ਗਿਆਨ ਦਾ ਚਾਨਣਾ ਲੈ ਕੇ ਸੁੱਖ ਪਾਉਂਦੇ ਹਨ ਅਤੇ ਉਨ੍ਹਾਂ ਧਰਮ ਪੁਸਤਕਾਂ ਦਾ ਆਦਰ ਸਤਿਕਾਰ ਕਰਦੇ ਹਨ ਪਰ ਜੋ ਆਦਰ ਸਤਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਾਪਤ ਹੈ ਹੋਰ ਕਿਸੇ ਧਰਮ ਗ੍ਰੰਥ ਨੂੰ ਪ੍ਰਾਪਤ ਨਹੀਂ ਹੋਇਆ ।

ਕਾਰਣ: ਹੋਰ ਜੋ ਗ੍ਰੰਥ ਹਨ ਕੇਵਲ ਪਵਿੱਤਰ ਗ੍ਰੰਥ ਹੀ ਹਨ । ਗੁਰੂ ਪਦਵੀ ਉਨ੍ਹਾਂ ਗ੍ਰੰਥਾਂ ਨੂੰ ਨਹੀਂ ਮਿਲੀ । ਸੰਸਾਰ ਵਿੱਚ ਕੇਵਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ ਜਿਸ ਦੀ ਰਚਨਾ ਸਤਿਗੁਰਾਂ ਨੇ ਆਪਣੀ ਨਿਗਰਾਨੀ ਵਿੱਚ (ਆਪਣੇ ਜੀਵਨ ਕਾਲ ਵਿੱਚ) ਆਪ ਕਰਵਾਈ ਤੇ ਇਸ ਨੂੰ ਗੁਰੂ ਪਦਵੀ ਬਖ਼ਸ਼ੀ । ਗੁਰੂ ਪਦਵੀ ਉਸ ਵਿਅਕਤੀ ਜਾਂ ਧਰਮ ਗ੍ਰੰਥ ਨੂੰ ਮਿਲ ਸਕਦੀ ਹੈ ਜੋ ਆਪਣੇ ਗਿਆਨ ਚਾਨਣ ਰਾਹੀਂ ਮਨੁੱਖ ਦੇ ਅੰਦਰ ਪਏ ਭਰਮ ਅੰਧੇਰੇ ਦਾ ਪੂਰੀ ਤਰ੍ਹਾਂ ਵਿਨਾਸ਼ ਕਰ ਸਕੇ ਪਰ ਇਹ ਸਮਰੱਥਾ ਸਿਮਰਤੀਆਂ, ਸ਼ਾਸਤਰਾਂ ਵਿੱਚ ਨਹੀਂ ਉਹ ਤਾਂ ਕੇਵਲ ਪਾਪ ਪੁੰਨ ਦਾ ਲੇਖਾ-ਜੋਖਾ ਮਾਤ੍ਰ ਹਨ । ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦਾ ਕਥਨ ਹੈ :

**ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥**
**ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥**
**ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥੨੭॥**

(ਰਾਮਕਲੀ ਮਹਲਾ ੩ ਅਨੰਦੁ, ਅੰਗ ੯੨੦)

ਉਪਰੰਤ ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਗੁਰੂ ਦੀ ਮੇਹਰ ਸਦਕਾ ਜੋ ਮਨੁੱਖ ਗੁਰੂ ਦੇ ਸ਼ਬਦ ਨੂੰ ਆਪਣੇ ਅੰਦਰ ਧਾਰਨ ਕਰਦੇ ਹਨ ਉਹ ਭਰਮ ਰਹਿਤ ਹੋ ਜਾਂਦੇ ਹਨ ਅਤੇ ਮੋਹ-ਮਾਇਆ ਦੀ ਨੀਂਦ ਤੋਂ ਜਾਗ ਕੇ ਸੱਚੇ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦੇ ਹਨ ਯਥਾ :-

**ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥**
**ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ।।੨੭॥**

(ਰਾਮਕਲੀ ਮਹਲਾ ੩ ਅਨੰਦੁ, ਅੰਗ ੯੨੦)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬੀ ਪਿਆਰ ਵਿੱਚ ਜੋੜਨ ਵਾਲੇ ਧਰਮ ਗ੍ਰੰਥ ਦੀ ਮਹਾਨਤਾ ਦੱਸਦੇ ਹੋਏ ਕਿਹਾ ਹੈ :- **ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥**

**ਸੋ ਘਰੁ ਰਾਖੁ ਵਡਾਈ ਤੋਇ ॥੧॥੨॥**

(ਰਾਗੁ ਆਸਾ ਮਹਲਾ ੧, ਅੰਗ ੧੨)

ਅਰਥ: ਹੇ ਭਾਈ ! ਜਿਸ ਵੀ ਧਰਮ ਗ੍ਰੰਥ ਵਿੱਚ ਸ੍ਰਿਸ਼ਟੀ ਦੇ ਕਰਤਾ ਪਰਮਾਤਮਾ ਦੀ ਵਡਿਆਈ ਦਾ ਵਰਨਣ ਹੋਵੇ ਉਸ ਘਰਿ (ਧਰਮ ਗ੍ਰੰਥ) ਨੂੰ ਸਤਿਕਾਰ ਸਹਿਤ ਸੰਭਾਲ ਕੇ ਰੱਖ ਭਾਵ ਉਸ ਧਰਮ ਗ੍ਰੰਥ ਦੇ ਉਪਦੇਸ਼ ਨੂੰ ਆਪਣੇ ਹਿਰਦੇ ਵਿੱਚ ਨਿਵਾਸ ਦੇ ਤਾਂ ਜੋ ਜਗਤ ਵਿੱਚ ਤੇਰੀ ਸੋਭਾ ਹੋਵੇ । ਹੁਣ ਪੜਚੋਲ ਮਨੁੱਖ ਨੇ ਆਪ ਕਰਨੀ ਹੈ ਕਿ ਉਹ ਧਰਮ ਗ੍ਰੰਥ ਕਿਹੜਾ ਹੈ ਜਿਸ ਵਿੱਚ ਨਿਰੋਲ ਕਰਤੇ ਪੁਰਖ ਦੀ ਵਡਿਆਈ ਤੇ ਜੀਵਾਂ ਨੂੰ ਉਸ ਕਰਤੇ ਪੁਰਖ ਨਾਲ ਪ੍ਰੇਮ ਕਰਨ ਦੀ ਪ੍ਰੇਰਣਾ ਮਿਲਦੀ ਹੈ । ਸ੍ਰੀ ਸਵਾਮੀ ਰਾਮ ਤੀਰਥ ਜੀ ਦੰਡੀ ਸੰਨਿਆਸੀ ਲੇਖਕ ਜਿਨ੍ਹਾਂ ਨੇ ਵੇਦਾਂ, ਸਿਮਰਤੀਆਂ ਆਦਿ ਗ੍ਰੰਥਾਂ ਦੀ ਖੋਜ ਕਰਕੇ ਸਰਵੋਤਮ ਗ੍ਰੰਥ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਪੁਸਤਕ ਲਿਖੀ ਹੈ ਉਸ ਨੂੰ ਪੜ੍ਹਨ ਤੇ ਇਸਦੀ ਮਹਾਨਤਾ ਤੇ ਵਿਸ਼ੇਸ਼ਤਾ ਬਾਰੇ ਗਿਆਨ ਹੋ ਜਾਂਦਾ ਹੈ । 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਉਪਦੇਸ਼ ਮਨੁੱਖ ਮਾਤਰ ਨੂੰ ਪ੍ਰਭੂ ਪਿਆਰ ਵਿੱਚ ਰੰਗਣ ਵਾਲਾ ਹੈ ਤੇ ਹਰੇਕ ਜਾਤੀ ਵਰਨ ਦੇ ਮਨੁੱਖ ਲਈ ਸਾਂਝਾ ਹੈ:-

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥੪॥੩॥੫੦॥**

(ਸੂਹੀ ਮਹਲਾ ੫, ਅੰਗ ੭੪੭-੪੮)

ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਹੋਰ ਮਹਾਨਤਾ ਇਹ ਹੈ ਕਿ:-

**ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥੧॥**

(ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ, ਅੰਗ ੧੧੦੬)

ਅਨੁਸਾਰ ਉੱਚ ਆਚਰਨ, ਸ਼ਦਾਚਾਰੀ ਗੁਣਾਂ ਵਾਲੇ ਭਗਤ ਭਾਵੇਂ ਉਹ ਅਖੌਤੀ ਨੀਵੀਂ ਜਾਤ ਵਾਲੇ ਸਨ । ਕਬੀਰ ਜੀ ਜੁਲਾਹਾ, ਨਾਮਦੇਵ ਜੀ ਛੀਂਬਾ, ਰਵਿਦਾਸ ਜੀ ਚਮਾਰ ਜਿਨ੍ਹਾਂ ਨੂੰ ਅਖੌਤੀ ਸਵਰਨ ਸਮਾਜ ਨੇ ਨੀਵੀਂ ਜਾਤ ਵਾਲੇ ਸਮਝ ਕੇ ਆਪਣੇ ਧਰਮ ਮੰਦਰਾਂ ਵਿੱਚੋਂ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਸੀ । ਗੁਰੂ ਸਾਹਿਬਾਂ ਨੇ ਉਨ੍ਹਾਂ ਦੀ ਬਾਣੀ ਨੂੰ ਆਪਣੇ ਧਰਮ ਗ੍ਰੰਥ ਵਿੱਚ ਦਰਜ ਕਰਕੇ ਉੱਚਤਾ ਬਖ਼ਸ਼ੀ ਤੇ "ਭਗਤ ਜਨਾ ਕੀ ਊਤਮ ਬਾਣੀ" ਕਹਿ ਕੇ ਸਤਿਕਾਰਿਆ, ਸੋ ਉੱਚ ਆਚਰਨ ਵਾਲੇ ਅਤੇ ਰੱਬੀ ਰੰਗ ਵਿੱਚ ਰੰਗੇ ਮਨੁੱਖਾਂ ਦਾ ਸਤਿਕਾਰ ਕੀਤਾ ਭਾਵੇਂ ਉਹ ਜਾਤ ਦੇ ਨੀਵੇਂ ਵੀ ਸਨ । ਅਜਿਹੀ ਸਾਂਝੀਵਾਲਤਾ ਤੇ ਨਿਡਰਤਾ ਵਾਲੇ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕਿਸੇ ਧਰਮ ਗ੍ਰੰਥ ਵਿੱਚ ਨਹੀਂ ਹਨ । ਵੇਦਾਂ, ਸ਼ਾਸਤਰਾਂ ਵਿੱਚ ਨਾ ਹੀ ਨੀਵੀਂ ਜਾਤ ਵਾਲੇ ਮਨੁੱਖਾਂ ਦੀ ਬਾਣੀ ਲਿਖੀ ਹੋਈ ਹੈ ਅਤੇ ਨਾ ਹੀ ਨੀਵੀਂ ਜਾਤ ਵਾਲਿਆਂ ਨੂੰ ਪੜ੍ਹਨ ਸੁਣਨ ਦਾ ਅਧਿਕਾਰ ਦਿੱਤਾ ਗਿਆ ਹੈ ਜਿਵੇਂ ਸੂਰਜ ਦਾ ਪ੍ਰਕਾਸ਼ ਸਭ ਲਈ ਇੱਕ ਸਮਾਨ ਹੈ । ਸੂਰਜ ਅਮੀਰ-ਗ਼ਰੀਬ, ਊਚ-ਨੀਚ ਕਿਸੇ ਨਾਲ ਵਿਤਕਰਾ ਨਹੀਂ ਕਰਦਾ ਤਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਅਮੀਰ-ਗ਼ਰੀਬ, ਇਸਤਰੀ-ਪੁਰਸ਼ ਹਰੇਕ ਜਾਤੀ ਦਾ ਬੰਦਾ ਪੜ੍ਹ ਸਕਦਾ ਹੈ, ਸੁਣ ਸਕਦਾ ਹੈ ਅਤੇ ਇਸ ਤੋਂ ਵਿਚਾਰ ਲੈ ਕੇ ਆਪਣਾ ਜੀਵਨ ਸਵਾਰ ਸਕਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਵੋਤਮਤਾ ਦਾ ਹੋਰ ਕਾਰਣ ਇਹ ਹੈ ਕਿ ਇਸ ਧਰਮ ਗ੍ਰੰਥ ਵਿੱਚ ਕਿਸੇ ਇੱਕ ਜਾਤੀ ਲਈ ਹੀ ਨਹੀਂ ਸਗੋਂ ਸਰਬੱਤ ਦੇ ਭਲੇ ਲਈ ਈਸ਼ਵਰ ਦੀ ਮਿਹਰ ਮੰਗੀ ਹੈ ਜਿਵੇਂ :-

**ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥**

**ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥੧॥੩੬॥**

(ਸਾਰੰਗ ਕੀ ਵਾਰ, ਸਲੋਕ ਮ: ੫, ਅੰਗ ੧੨੫੧)

ਸਾਰੇ ਵਿਸ਼ਵ ਲਈ ਸਾਂਝੀ ਪ੍ਰਾਰਥਨਾ ਹੈ ।-

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ ੧॥ ੧੦॥**

(ਬਿਲਾਵਲ ਕੀ ਵਾਰ, ਸਲੋਕ ਮ: ੩, ਅੰਗ ੮੫੩)

ਸਰਬ-ਸਾਂਝੀ ਗੁਰਬਾਣੀ ਦੀ ਸਿੱਖਿਆ ਦਾ ਸਦਕਾ ਹੀ ਹਰੇਕ ਗੁਰਸਿੱਖ ਰੋਜ਼ ਬਾਣੀ ਦਾ ਪਾਠ ਕਰਨ ਤੋਂ ਬਾਅਦ ਅਰਦਾਸ ਕਰਦਾ ਹੈ : -

**ਨਾਨਕ ਨਾਮ ਚੜ੍ਹਦੀ ਕਲਾ ॥ ਤੇਰੇ ਭਾਣੇ ਸਰਬੱਤ ਦਾ ਭਲਾ ॥**

ਹੋਰ ਧਾਰਮਿਕ ਗ੍ਰੰਥ ਪੜ੍ਹੀਏ ਤਾਂ ਅਨੇਕ ਤਰ੍ਹਾਂ ਦੇ ਸਰਗੁਣ ਸਰੂਪਾਂ (ਦੇਵਤੇ ਅਵਤਾਰਾਂ ਆਦਿ) ਦੀ ਪੂਜਾ ਦਾ ਵਰਨਣ ਹੈ । ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ ਜਿਨ੍ਹਾਂ ਦਾ ਪਾਠ ਕਰਦਿਆਂ ਨਿਰਗੁਣ ਬ੍ਰਹਮ ਦਾ ਪ੍ਰਤੱਖ ਦਰਸ਼ਨ ਹੁੰਦਾ ਹੈ । ਕਿਉਂਕਿ ਗੁਰੂ ਸਾਹਿਬਾਂ ਨੇ ਹੋਰ ਅਵਤਾਰਾਂ ਪੈਗੰਬਰਾਂ ਦੇ ਵਾਂਗ ਆਪਣੀ ਪੂਜਾ ਜਾਂ ਆਪਣਾ ਨਾਮ ਸਿਮਰਨ ਕਰਨਾ ਨਹੀਂ ਦੱਸਿਆ ਸਗੋਂ ਸਰਬ-ਸਾਂਝੀ ਗੁਰਬਾਣੀ ਵਿੱਚ ਇਹ ਸਿੱਖਿਆ ਦਿੱਤੀ ਹੈ :-

**ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥**
**ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥ ੮॥ ੧੯॥**

(ਗਉੜੀ ਸੁਖਮਨੀ ਮ: ੫, ਅੰਗ ੨੮੯)

ਉਸ ਨਿਰਗੁਣ ਬ੍ਰਹਮ ਨੂੰ ਨੇੜੇ ਪ੍ਰਤੀਤ ਕਰਨ ਦੀ ਸਿੱਖਿਆ ਦਿੱਤੀ ਹੈ ।

**ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥ ੧॥ ੨੪॥**

(ਗਉੜੀ ਸੁਖਮਨੀ ਮ: ੫, ਅੰਗ ੨੯੫)

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਾਹਿਗੁਰੂ ਨੂੰ ਨੇੜੇ ਤੋਂ ਨੇੜੇ ਦਰਸਾਉਂਦੀ ਹੈ ਤੇ ਸਨਮੁਖ ਬੇਨਤੀ ਕਰਨ ਦੀ ਜਾਚ ਦੱਸਦੀ ਹੈ, ਜਿਵੇਂ ਹੇ ਵਾਹਿਗੁਰੂ ! ਤੂੰ ਸਾਡਾ ਮਾਲਿਕ ਹੈਂ ਤੇਰੇ ਅੱਗੇ ਸਾਡੀ ਅਰਦਾਸ ਹੈ । ਇਹ ਜੀਵ-ਆਤਮਾ ਤੇ ਸਰੀਰ ਵਾਹਿਗੁਰੂ ਤੇਰੀ ਦਿੱਤੀ ਹੋਈ ਪੂੰਜੀ ਸਾਡੇ ਕੋਲ ਹੈ। ਤੂੰ ਹੀ ਸਾਡਾ ਮਾਤਾ-ਪਿਤਾ ਹੈਂ । ਹੇ ਵਾਹਿਗੁਰੂ ! ਅਸੀਂ ਤੇਰੇ ਬੱਚੇ ਹਾਂ , ਆਪ ਜੀ ਦੀ ਕਿਰਪਾ ਨਾਲ ਸਾਨੂੰ ਬਹੁਤ ਸੁੱਖ ਮਿਲ ਰਹੇ ਹਨ :-

**ਤੂ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥**
**ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥ ੮॥ ੪॥**

(ਗਉੜੀ ਸੁਖਮਨੀ ਮ: ੫, ਅੰਗ ੨੬੮)

ਗੁਰੂ ਸਾਹਿਬਾਂ ਨੇ ਗੁਰਬਾਣੀ ਵਿੱਚ ਤੂੰ, ਤੇਰਾ, ਤੁਧੁਨੋ ਸ਼ਬਦ ਦੀ ਵਰਤੋਂ ਕਰਕੇ ਪਰਮਾਤਮਾ ਦੀ ਨੇੜਤਾ ਦਰਸਾਈ ਹੈ, ਸਿੱਧੀਆਂ ਰੱਬ ਨਾਲ ਗੱਲਾਂ ਕੀਤੀਆਂ ਹਨ । ਨਿਰਗੁਣ ਬ੍ਰਹਮ ਨੂੰ ਸਰਬ-ਵਿਆਪੀ ਦੱਸਿਆ ਹੈ ਜਿਵੇਂ :

**ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥ ੨॥ ੧॥**

(ਰਾਗੁ ਆਸਾ ਮਹਲਾ ੪ ਸੋ ਪੁਰਖੁ, ਅੰਗ ੧੧)

ਇਸ ਤਰ੍ਹਾਂ ਵਾਹਿਗੁਰੂ ਜੀ ਨੂੰ ਸਨਮੁਖ ਜਾਣ ਕੇ ਗੁਰਬਾਣੀ ਦਾ ਪਾਠ ਕਰੀਏ ਤਾਂ ਅਨੋਖਾ ਰਸ ਸਵਾਦ ਆਉਂਦਾ ਹੈ, ਮਸਤੀ ਚੜ੍ਹ ਜਾਂਦੀ ਹੈ, ਹਿਰਦਾ ਝੂਮਦਾ ਦਿਖਾਈ ਦਿੰਦਾ ਹੈ, ਇਸ ਵਿੱਚ ਹਰ ਥਾਂ ਸੰਗੀਤ ਦੀਆਂ ਤਰੰਗਾਂ ਉੱਠਦੀਆਂ ਦੇਖੀਆਂ ਜਾ ਸਕਦੀਆਂ ਹਨ, ਹਰ ਜਗ੍ਹਾ ਕਾਵਿ-ਰਸ ਘੋਲਿਆ ਮਿਲਦਾ ਹੈ, ਬਾਣੀ ਦਾ ਪਾਠ ਚਾਨਣਾ ਹੀ ਚਾਨਣਾ ਦਿਖਾਈ ਦਿੰਦਾ ਹੈ । ਉਹ ਰੋਸ਼ਨੀ ਜੋ ਕਦੀ ਚੁਭਦੀ ਨਹੀਂ ਸਗੋਂ ਆਨੰਦ ਮਿਲਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਸਾਹਿਬਾਂ ਦਾ ਹਿਰਦਾ ਹੈ, ਕਵੀ ਸੰਤੋਖ ਸਿੰਘ ਜੀ ਲਿਖਦੇ ਹਨ -

**ਗ੍ਰੰਥ ਰਿਦਾ ਗੁਰ ਕੋ ਇਹ ਜਾਨਹੁ ਉੱਤਮ ਹੈ ਸਭਿ ਕਾਲ ਰਹੈ ਹੈ ॥ ੫॥**

(ਰਾਸਿ ੩ ਅੰਸੂ ੫੦, ਪੰਨਾ ੨੧੪੦)

ਕਵੀ ਜੀ ਨੇ ਦਰਸਾਇਆ ਹੈ ਕਿ ਗੁਰੂ ਜੀ ਦੇ ਪੰਜਾਂ ਤੱਤਾਂ ਵਾਲੇ ਸਰੀਰ ਤਾਂ ਅਲੋਪ ਹੋ ਜਾਂਦੇ ਹਨ ਪਰ ਆਤਮਾ ਅਬਿਨਾਸੀ ਹੈ । ਸੋ ਗੁਰੂ ਗ੍ਰੰਥ ਸਾਹਿਬ ਜੀ ਗੁਰੂਆਂ ਦੀ ਆਤਮਾ ਹੈ ਤੇ ਪਰਮਾਤਮਾ ਦੀ ਜਾਗਦੀ ਜੋਤ ਹੈ । ਇਹ ਜੁਗੋ-ਜੁਗ ਅਟੱਲ ਹੈ, ਇਸ ਲਈ ਗੁਰੂ ਜੀ ਦੇ ਸਰੀਰਾਂ ਨਾਲੋਂ ਗੁਰੂ ਗ੍ਰੰਥ ਸਾਹਿਬ ਜੀ ਸ੍ਰੇਸ਼ਟ ਹਨ । ਗੋਸਪਲ ਆਫ ਨੇ ਗੁਰੂ ਗ੍ਰੰਥ ਸਾਹਿਬ ਬਾਰੇ ਕਿਹਾ ਹੈ ਕਿ ਪਵਿੱਤਰਤਾ ਅਤੇ ਰੂਹਾਨੀ ਨੁਕਤੇ ਤੋਂ ਇਸ ਦਾ ਦੁਨੀਆਂ ਦੇ ਸਾਰੇ ਧਰਮਾਂ ਵਿੱਚ ਉੱਚਾ ਮੁਕਾਮ ਹੈ, ਇਹ ਕਿਸੇ ਪੁਸਤਕ ਦਾ ਭੇਦ ਵਟਾਵਾਂ ਰੂਪ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਰੁਤਬਾ ਉੱਚ ਕੋਟੀ ਦਾ ਹੈ, ਇਹ ਗੱਲ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ । ਬਾਣੀ ਧੁਰ ਅੰਦਰੋਂ ਅਨੁਭਵ ਤੋਂ ਪ੍ਰਕਾਸ਼ ਹੋਈ ਹੈ ਅਤੇ ਇਸ ਦਾ ਬਾਹਰਲੇ ਪੜ੍ਹੇ ਸੁਣੇ ਨਾਲ ਕੋਈ ਸੰਬੰਧ ਨਹੀਂ ਹੈ । ਇਸ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਫ਼ਰਮਾਨ ਹੈ :-

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ ੧॥ ੩॥ ੫॥**

(ਤਿਲੰਗ ਮਹਲਾ ੧, ਅੰਗ ੭੨੨)

ਗੁਰਬਾਣੀ ਦੀ ਵਿਸ਼ੇਸ਼ਤਾ ਜੋ ਸ੍ਰੀ ਗੁਰੂ ਅਮਰਦਾਸ ਜੀ ਨੇ ਕਥਨ ਕੀਤੀ ਹੈ, ਇੱਕ ਇਤਿਹਾਸਿਕ ਕਥਾ ਹੈ, ਇੱਕ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਸੰਸਾਰ ਦੇ ਸਰਬੱਤ ਜੀਵਾਂ ਨੂੰ ਸੁਖਦਾਈ ਪ੍ਰਭੂ ਦੀ ਭਗਤੀ ਦਾ ਸੱਚਾ ਰਸਤਾ ਦੱਸਣ ਲਈ ਤੀਰਥ-ਯਾਤਰਾ ਕਰਕੇ ਕੁਰੂਕਸ਼ੇਤਰ ਪਹੁੰਚੇ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਫ਼ਰਮਾਨ ਹੈ :-

**ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥ ੨॥ ੪॥ ੧੦॥**

(ਤੁਖਾਰੀ ਮਹਲਾ ੪, ਅੰਗ ੧੧੧੬)

ਲੋਕਾਂ ਦਾ ਉਧਾਰ ਕਰਦੇ ਹੋਏ, ਸੱਚ ਦਾ ਉਪਦੇਸ਼ ਦਿੰਦੇ ਹੋਏ ਕੁਰੂਕਸ਼ੇਤਰ ਪਹੁੰਚੇ ਤਾਂ ਬਹੁਤ ਸਾਰੇ ਬ੍ਰਾਹਮਣ, ਸੰਨਿਆਸੀ, ਬੈਰਾਗੀ ਆਦਿ ਜੋ ਵਿੱਦਿਆ ਵਿੱਚ ਬਹੁਤ ਸਿਆਣੇ ਸਨ ਗੁਰੂ ਅਮਰਦਾਸ ਜੀ ਪਾਸ ਆਏ ਤੇ ਦਰਸ਼ਨ ਕਰਕੇ ਪ੍ਰਸ਼ਨ ਕੀਤਾ ਕਿ ਹੇ ਗੁਰੂ ਜੀ ! ਜੀਵਾਂ ਦੇ ਕਲਿਆਣ ਵਾਸਤੇ ਸਹੀ ਰਸਤਾ ਦਰਸਾਉਣ ਲਈ ਵੇਦ, ਸ਼ਾਸਤਰ, ਪੁਰਾਣ ਆਦਿ ਧਾਰਮਿਕ ਗ੍ਰੰਥ ਜਗਤ ਵਿੱਚ ਬਹੁਤ ਹਨ, ਇੰਨਾ ਧਾਰਮਿਕ ਲਿਟਰੇਚਰ ਹੁੰਦਿਆਂ ਹੋਇਆਂ ਕੀ ਲੋੜ ਸੀ ਕਿ ਗੁਰੂ ਨਾਨਕ ਦੇਵ ਜੀ ਨੇ ਜਟਕੀ ਬੋਲੀ ਦੇ ਅੰਦਰ ਸੰਸਾਰ ਨੂੰ ਬ੍ਰਹਮ-ਗਿਆਨ ਦੇਣ ਲਈ ਨਵੀਂ ਬਾਣੀ ਉਚਾਰਣ ਕੀਤੀ । ਤਦ ਗੁਰੂ ਅਮਰਦਾਸ ਜੀ ਨੇ ਪੰਡਤਾਂ ਨੂੰ ਉੱਤਰ ਦੇਣ ਲਈ ਜੋ ਬਚਨ ਕੀਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ ।

**ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ ॥**

ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ ॥ ੧॥੧॥੧੫॥੩੫॥

(ਮਹਲਾ ੩ ਗਉੜੀ ਬੈਰਾਗਣਿ, ਅੰਗ ੧੬੨)

ਭਾਵ ਬੱਦਲ ਧਰਤੀ ਉੱਪਰ ਆ ਕੇ ਵਰਖਾ ਕਰਦੇ ਹਨ ਕਿ ਧਰਤੀ ਵਿੱਚ ਪਾਣੀ ਨਹੀਂ ਹੈ ? ਜਿਵੇਂ ਧਰਤੀ ਵਿੱਚ ਪਹਿਲੇ ਪਾਣੀ ਮੌਜੂਦ ਹੈ ਤੇ ਖੂਹ ਆਦਿ ਸਰੋਤਾਂ ਰਾਹੀਂ ਪਾਣੀ ਪ੍ਰਾਪਤ ਕੀਤਾ ਜਾਂਦਾ ਹੈ ਪਰ ਫੇਰ ਵੀ ਵਰਖਾ ਦੀ ਲੋੜ ਹੈ । ਖੂਹ ਆਦਿ ਦੇ ਪਾਣੀਆਂ ਨਾਲੋਂ ਵਰਖਾ ਦੇ ਪਾਣੀ ਨਾਲ ਜੀਵਾਂ ਨੂੰ ਜ਼ਿਆਦਾ ਲਾਭ ਹੁੰਦਾ ਹੈ ਭਾਵ ਵੇਦਾਂ-ਸ਼ਾਸਤਰਾਂ ਦਾ ਗਿਆਨ ਇਸੇ ਤਰ੍ਹਾਂ ਹੈ ਜਿਵੇਂ ਧਰਤੀ ਤੇ ਖੂਹ ਦਾ ਪਾਣੀ ਹੈ । ਖੂਹ, ਟਿਊਬ-ਵੈੱਲ ਦੇ ਪਾਣੀ ਤੋਂ ਅਮੀਰ ਆਦਮੀ ਤਾਂ ਲਾਭ ਲੈ ਸਕਦਾ ਹੈ ਕਿਉਂਕਿ ਉਹ ਖ਼ਰਚ ਕਰ ਸਕਦਾ ਹੈ ਤੇ ਥੋੜ੍ਹੀ ਬਹੁਤ ਖੇਤੀ ਪਾਲ ਸਕਦਾ ਹੈ ਪਰ ਗ਼ਰੀਬ ਬੰਦਾ ਲਾਭ ਨਹੀਂ ਲੈ ਸਕਦਾ । ਫੇਰ ਖੂਹ ਦਾ ਪਾਣੀ ਉੱਚੀਆਂ ਥਾਂਵਾਂ, ਟਿੱਬਿਆਂ ਤੇ ਨਹੀਂ ਪਹੁੰਚ ਸਕਦਾ । ਇਸੇ ਤਰ੍ਹਾਂ ਵੇਦਾਂ ਦਾ ਗਿਆਨ ਪ੍ਰਾਪਤ ਕਰਨ ਲਈ ਉੱਚ ਜਾਤੀ ਦੀ ਲੋੜ ਹੈ । ਬ੍ਰਾਹਮਣਾਂ ਤੋਂ ਬਿਨਾਂ ਸ਼ੂਦਰ ਤੇ ਇਸਤਰੀ ਆਦਿ ਨੂੰ ਵੇਦ ਪੜ੍ਹਨ ਦੀ ਆਗਿਆ ਨਹੀਂ ਹੈ । ਇਸ ਕਰਕੇ ਸਰਬ ਸਾਧਾਰਨ ਕਿਰਤੀ ਜ਼ਿਮੀਦਾਰ ਤੇ ਮਜ਼ਦੂਰ ਤਾਂ ਵੇਦਾਂ, ਸ਼ਾਸਤਰਾਂ ਦੇ ਗਿਆਨ ਤੋਂ ਖ਼ਾਲੀ ਹੀ ਰਹਿ ਜਾਂਦਾ ਹੈ ਫਿਰ ਜਿਸ ਬੰਦੇ ਦਾ ਚੰਗਾ ਦਿਮਾਗ਼ ਹੋਵੇ ਤੇ ਬਹੁਤ ਸਮਾਂ ਪੜ੍ਹਨ ਦੀ ਮਿਹਨਤ ਕਰੇ ਉਹ ਵੀ ਕੋਈ ਵਿਰਲਾ ਬੰਦਾ ਕੇਵਲ ਆਪਣਾ ਜੀਵਨ ਸਵਾਰ ਸਕਦਾ ਹੈ । ਸਤਿਗੁਰੂ ਨਾਨਕ ਦੇਵ ਜੀ ਨੇ ਜੋ ਲੋਕ ਬੋਲੀ ਵਿੱਚ ਬਾਣੀ ਉਚਾਰਣ ਕੀਤੀ ਉਹ ਵਰਖਾ ਵਾਂਗ ਹੈ । ਜਿਵੇਂ

ਮੀਹੁ ਪਇਆ ਪਰਮੇਸਰਿ ਪਾਇਆ ॥
ਜੀਅ ਜੰਤ ਸਭਿ ਸੁਖੀ ਵਸਾਇਆ ॥ ੧॥ ੩੨॥ ੩੯॥

(ਮਾਝ ਮਹਲਾ ੫, ਅੰਗ ੧੦੫)

ਜਦ ਵਰਖਾ ਹੁੰਦੀ ਹੈ, ਤਾਂ ਉੱਚੇ-ਨੀਵੇਂ ਸਭ ਥਾਂ ਹੁੰਦੀ ਹੈ । ਅਮੀਰ ਬੰਦੇ ਦਾ ਖੇਤ ਹੋਵੇ ਜਾਂ ਗ਼ਰੀਬ ਬੰਦੇ ਦਾ ਖੇਤ ਹੋਵੇ ਕੋਈ ਫ਼ਰਕ ਨਹੀਂ ਪੈਂਦਾ । ਸਭ ਨੂੰ ਇੱਕੋ ਜਿਹਾ ਲਾਭ ਪਹੁੰਚਦਾ ਹੈ । ਸਭ ਪਸ਼ੂ-ਪੰਛੀਆਂ ਦੇ ਹਿਰਦੇ ਪ੍ਰਸੰਨ ਹੋ ਜਾਂਦੇ ਹਨ । ਗੁਰਬਾਣੀ ਵਰਖਾ ਦਾ ਪਾਣੀ ਹੈ । ਇਹ ਪੜ੍ਹਨੀ ਸੌਖੀ ਹੈ ਕਿਉਂਕਿ ਇਹ ਆਮ ਬੋਲਣ ਵਾਲੀ ਭਾਸ਼ਾ ਵਿੱਚ ਉਚਾਰਨ ਕੀਤੀ ਹੈ । ਫਿਰ ਸਭ ਜਾਤਾਂ ਦੇ ਲੋਕਾਂ ਨੂੰ ਪੜ੍ਹਨ ਦਾ ਅਧਿਕਾਰ ਹੈ । ਅਮੀਰ-ਗ਼ਰੀਬ, ਇਸਤਰੀ-ਪੁਰਸ਼ ਨੂੰ ਪੜ੍ਹਨ ਦਾ ਅਧਿਕਾਰ ਹੈ । ਹੇ ਪੰਡਤ ਜਨੋਂ ! ਜਿਵੇਂ ਧਰਤੀ ਵਿੱਚ ਪਹਿਲਾਂ ਤੋਂ ਹੀ ਪਾਣੀ ਮੌਜੂਦ ਹੈ ਤਾਂ ਵੀ ਵਰਖਾ ਦੀ ਲੋੜ ਪੈਂਦੀ ਹੈ ਤਿਵੇਂ ਵੇਦ ਆਦਿ ਗ੍ਰੰਥਾਂ ਦੇ ਸੀਮਿਤ ਗਿਆਨ ਹੁੰਦਿਆਂ ਵਰਖਾ ਦੇ ਸਮਾਨ ਵਿਸ਼ਾਲ ਸਰਬ-ਸਾਂਝੀ ਗੁਰਬਾਣੀ ਦੀ ਲੋੜ ਸੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਅੰਮ੍ਰਿਤ ਵਰਖਾ ਕਰਕੇ ਸਰਬ ਜਗਤ ਨੂੰ ਰੱਬੀ ਗਿਆਨ ਦਾ ਅਨੰਦ ਬਖ਼ਸ਼ਿਆ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਪਰਮੇਸ਼ਰ ਦੇ ਨਾਂਵਾਂ ਦੀ ਸਾਂਝ ਹੈ । ਪਾਰਬ੍ਰਹਮ, ਰਾਮ, ਰਹੀਮ, ਗੋਬਿੰਦ, ਨਰਾਇਣ ਸਾਰੇ ਨਾਮ ਬੜੇ ਸਤਿਕਾਰ ਨਾਲ ਲਏ ਗਏ ਹਨ । ਹੋਰ ਗ੍ਰੰਥਾਂ ਵਿੱਚ ਇਹ ਗੱਲ ਨਹੀਂ ਮਿਲਦੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਾਰੀਆਂ ਬੋਲੀਆਂ ਦੇ ਸ਼ਬਦ ਦਰਜ ਹਨ ਭਾਵ ਜਿਸ ਦੇਸ਼ ਦਾ ਕੋਈ ਵਾਸੀ ਹੈ, ਉਸ ਨੂੰ ਉਸੇ ਦੇਸ਼ ਦੀ ਬੋਲੀ ਵਿੱਚ ਸੱਚੇ ਮਾਰਗ ਦੀ ਸਿੱਖਿਆ ਦਿੱਤੀ ਹੈ। ਸੋ ਬੋਲੀਆਂ ਦੀ ਸਾਂਝ ਕਾਰਣ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਬ-ਸਾਂਝੇ ਹੋਏ । ਹੋਰ ਸਾਰੇ ਧਰਮ ਪ੍ਰਚਾਰਕਾਂ ਨੇ ਮਨੁੱਖ ਵਿੱਚ ਵੰਡਾਂ ਪਾਈਆਂ ਹਨ ਪਰ ਗੁਰੂ ਗ੍ਰੰਥ ਸਾਹਿਬ ਦਾ ਇਹ

ਸਿਧਾਂਤ ਹੈ। " **ਏਕੁ ਪਿਤਾ ਏਕਸ ਕੇ ਹਮ ਬਾਰਿਕ ॥**" ਭਾਵ ਸਾਰਿਆਂ ਨਾਲ ਸਾਂਝ ਪਾਈ ਹੈ, ਸਭ ਜੀਵਾਂ ਦੀ ਪੈਦਾਇਸ਼ ਇੱਕ ਪਰਮਾਤਮਾ ਤੋਂ ਹੈ । ਜਾਤ-ਪਾਤ ਦੀਆਂ ਵਿੱਥਾਂ ਨੂੰ ਮੇਟਿਆ ਹੈ । ਸਾਰਿਆਂ ਦਾ ਰਚਨਹਾਰ ਇੱਕੋ ਹੋਣ ਕਾਰਣ ਅਸੀਂ ਆਪਸ ਵਿੱਚ ਸਕੇ ਭਰਾ ਹਾਂ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਜੋ ਮੁਸਲਮਾਨ ਮਿਰਾਸੀ ਸੀ । ਸਕੇ ਭਰਾਵਾਂ ਵਾਂਗ ਸਾਰੀ ਜ਼ਿੰਦਗੀ ਆਪਣੇ ਨਾਲ ਰੱਖਿਆ ਤੇ ਭਾਈ ਪਦਵੀ ਬਖ਼ਸ਼ੀ । ਭਾਈ ਲਾਲੋ ਤਰਖਾਣ ਆਦਿ ਜੋ ਸਮਾਜ ਵਿੱਚ ਨੀਵੇਂ ਸਮਝੇ ਜਾਂਦੇ ਸਨ, ਉਨ੍ਹਾਂ ਨਾਲ ਪ੍ਰੇਮ ਕੀਤਾ ਅਤੇ ਸ਼੍ਰੀ ਗੁਰੂ ਅਮਰਦਾਸ ਜੀ ਨੇ ਸਾਰੀਆਂ ਜਾਤਾਂ ਨੂੰ ਇੱਕੋ ਪੰਗਤ ਵਿੱਚ ਸਾਂਝਾ ਲੰਗਰ (ਚਲਾਉਣ) ਛਕਣ ਦੀ ਪ੍ਰਥਾ ਚਲਾ ਕੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ ਹੈ । ਭਗਤ ਕਬੀਰ ਜੀ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ।

**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ ੧॥ ੩॥**

(ਬਿਭਾਸ ਪ੍ਰਭਾਤੀ ਕਬੀਰ ਜੀ, ਅੰਗ ੧੩੪੯)

ਗੁਰੂ ਸਾਹਿਬਾਂ ਨੇ ਹੋਰ ਵੀ ਪ੍ਰੋੜਤਾ ਕੀਤੀ ਹੈ ਤੇ ਪ੍ਰਭੂ ਨੂੰ '**ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥**' ਕਹਿ ਕੇ ਊਚ-ਨੀਚ, ਜਾਤ-ਪਾਤ ਦੇ ਸਾਰੇ ਭੇਦ-ਭਾਵ ਮਿਟਾ ਦਿੱਤੇ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਿੱਥੇ ਅਸੀਂ ਸਤਿਕਾਰ ਕਰਦੇ ਹਾਂ ਉਥੇ ਗੁਰੂ ਦੇ ਬਚਨਾਂ ਨੂੰ ਮੰਨਣ ਵਿੱਚ ਲਿਆਉਣਾ ਹੈ , ਅਮਲੀ ਰੂਪ ਦੇਣਾ ਹੈ, ਇਹ ਅਸਲ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨਾ ਹੈ । ਗੁਰੂ ਦੇ ਬਚਨਾਂ ਨੂੰ ਮੰਨ ਕੇ ਮੰਦੇ ਕਰਮਾਂ ਤੋਂ ਰਹਿਤ ਹੋਈਏ ਅਤੇ ਧਰਮ ਦੀ ਕਿਰਤ ਕਰਕੇ, ਸੱਚ ਬੋਲ ਕੇ, ਪਰਮਾਤਮਾ ਨੂੰ ਸਰਬ-ਵਿਆਪੀ ਜਾਣ ਕੇ ਉਸ ਦੇ ਸਿਮਰਨ ਵਿੱਚ ਮਗਨ ਰਹੀਏ ਤਾਂ ਸਾਡਾ ਜੀਵਨ ਸਫਲ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਰਬ-ਸਾਂਝੀ ਬਾਣੀ ਦਾ ਅਸੀਂ ਅਨੰਦ ਲੈ ਸਕਦੇ ਹਾਂ । ਗੁਰਬਾਣੀ ਜੀਵਾਂ ਨੂੰ ਪ੍ਰਤੱਖ ਪਾਰਬ੍ਰਹਮ ਦੇ ਪਿਆਰ ਵਿੱਚ ਜੋੜਦੀ ਹੈ । ਗੁਰਬਾਣੀ ਉਪਦੇਸ਼ ਦਿੰਦੀ ਹੈ ਕਿ ਹੇ ਮਨੁੱਖ ! ਤੂੰ ਇਸ ਸਰੀਰ ਦੇ ਰਾਹੀਂ ਪਰਉਪਕਾਰ ਦੇ ਕੰਮ ਕਰਨੇ ਹਨ :-

**ਮਿਥਿਆ ਤਨ ਨਹੀ ਪਰਉਪਕਾਰਾ ॥ ਮਿਥਿਆ ਬਾਸੁ ਲੇਤ ਬਿਕਾਰਾ ॥**
**ਬਿਨੁ ਬੂਝੇ ਮਿਥਿਆ ਸਭ ਭਏ ॥ ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥ ੫॥**

(ਗਉੜੀ ਸੁਖਮਨੀ ਮ: ੫, ਅੰਗ ੨੬੯)

ਸੋ ਮਨੁੱਖ ਜੇ ਗੁਰੂ ਦੇ ਸ਼ਬਦਾਂ ਨੂੰ ਆਪਣੇ ਅੰਦਰ ਧਾਰਨ ਕਰਕੇ ਸੱਚੇ ਮਾਰਗ ਤੇ ਚੱਲੇ ਤਾਂ ਇਹ ਸਚਿਆਰ ਹੋ ਸਕਦਾ ਹੈ ਅਤੇ ਉਸ ਪਰਮਾਤਮਾ, ਵਾਹਿਗੁਰੂ ਦੇ ਸਾਖਸ਼ਾਤ ਦਰਸ਼ਨ ਕਰਕੇ ਤੇ ਉਸਦੇ ਪਿਆਰ ਨੂੰ ਪ੍ਰਾਪਤ ਕਰਕੇ ਲਾਹਾ ਖੱਟ ਸਕਦਾ ਹੈ । ਗੁਰ ਉਪਦੇਸ਼ ਨੂੰ ਹਿਰਦੇ ਵਿੱਚ ਵਸਾਈਏ ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚਾ ਗੁਰੂ ਮੰਨ ਕੇ ਚੱਲਾਂਗੇ ਤਾਂ ਸਾਡਾ ਜੀਵਨ ਪਵਿੱਤਰ ਹੋਵੇਗਾ ਫਿਰ ਸਾਨੂੰ

**ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥ ੪॥ ੨੨॥**

(ਗਉੜੀ ਸੁਖਮਨੀ ਮ: ੫, ਅੰਗ ੨੯੨-੯੩)

ਦੀ ਅਵਸਥਾ ਪ੍ਰਾਪਤ ਹੋਵੇਗੀ ।

# ਸਰਬੱਤ ਦੀ ਬਾਈਬਲ

-ਪਿਆਰਾ ਸਿੰਘ ਪਦਮ

ਸਿੱਖ ਧਰਮ ਦਾ ਰੂਹ ਪ੍ਰਾਣ ਗੁਰਬਾਣੀ ਹੈ, ਇਹੋ ਜ਼ਿੰਦਗੀ ਦਾ 'ਜੀਅ ਦਾਨ' ਲਈ ਅਕਾਲ ਪੁਰਖ ਦੀ ਪ੍ਰਕਾਸ਼ਕ ਗਿਆਨ ਸ਼ਕਤੀ 'ਗੁਰੂ' ਬਣ ਕੇ ਪਰਗਟ ਹੋਈ ਅਤੇ ਉਸ ਗੁਰੂ-ਜੋਤੀ ਨੇ ਮਹਾਨ ਲੋੜੀਦੇ ਦੈਵੀ, ਗਿਆਨ ਨੂੰ 'ਸ਼ਬਦ' ਰੂਪ ਵਿੱਚ ਟਿਕਾ ਸਦਾ ਲਈ ਅਮਰ ਕਰ ਕੇ ਮਨੁੱਖਤਾ ਦੀ ਝੋਲੀ ਪਾਇਆ । ਇਸ ਬਾਣੀ ਦੇ ਕਲਾ ਕੌਂਸ਼ਲ ਦਾ ਸਾਕਾਰ ਰੂਪ ਪੰਥ ਹੈ । ਗੁਰੂ ਨਾਨਕ ਨੇ ਸਿਧਾਂ ਦੇ ਇੱਕ ਸਵਾਲ ਦੇ ਜਵਾਬ ਵਿੱਚ ਇਸੇ ਨੂੰ ਸਿੱਖੀ ਮੰਦਰ ਦੀ ਨੀਂਹ ਆਖਿਆ ਸੀ ਤੇ ਇਹੋ ਨਾਮ ਰੂਪ ਗੁਰਬਾਣੀ ਗੁਰੂਆਂ ਦੀ ਸਭ ਤੋਂ ਵੱਡੀ ਕਰਾਮਾਤ ਸੀ । ਇਸੇ ਬਾਣੀ ਦੇ ਸੰਗ੍ਰਹਿ ਨੂੰ ਹੀ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ । ਜੋ ਸਿੱਖਾਂ ਦੀ ਨਹੀਂ ਸਭ ਦੀ ਬਾਇਬਲ ਕਹੇ ਜਾਣ ਦੇ ਲਾਇਕ ਹੈ ।

ਕੇਵਲ ਅਕਾਰ ਦੇ ਲਿਹਾਜ਼ ਨਾਲ ਹੀ ਨਹੀਂ, ਪਰਕਾਰ (Quality) ਦੇ ਲਿਹਾਜ਼ ਨਾਲ ਵੀ ਇਹ ਇੱਕ ਲਾਸਾਨੀ ਮਹਾਨ ਉਤਮ ਗ੍ਰੰਥ ਹੈ, ਜਿਸ ਵਿੱਚ ਜ਼ਿੰਦਗੀ ਦੀ ਸਾਇੰਸ ਬਾਰੇ ਹਰ ਪਹਿਲੂ ਤੋਂ ਰੋਸ਼ਨੀ ਪਾਈ ਗਈ ਹੈ । ਇਹ ਸਾਡੀਆਂ ਜੀਵਨ-ਗੁੰਝਲਾਂ ਦਾ ਸਭ ਤੋਂ ਸੋਹਣਾ ਸੌਖਾ ਹੱਲ ਹੈ । ਸਾਡਾ ਨਿਸ਼ਾਨਾ ਸੱਚ ਦੀ ਪ੍ਰਾਪਤੀ ਹੈ, ਜਿਸ ਨੂੰ ਧਰਮ ਦੀ ਬੋਲੀ ਵਿੱਚ 'ਰੱਬੀ ਮਿਲਾਪ' ਕਿਹਾ ਜਾਂਦਾ ਹੈ । ਹਰ ਮਨੁੱਖੀ ਜੀਵਨ ਦੇ ਸਾਮ੍ਹਣੇ ਸਭ ਤੋਂ ਜ਼ਰੂਰੀ ਸਵਾਲ ਇਹ ਹੈ :-

**'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥'**

ਗੁਰੂ ਗ੍ਰੰਥ ਸਾਹਿਬ ਇਸੇ ਸਵਾਲ ਦਾ ਤਸੱਲੀਬਖਸ਼ ਅਨੁਭਵੀ ਜਵਾਬ ਹੈ । ਸਤਿਗੁਰੂਆਂ ਇਸੇ ਸਚਾਈ ਦੀ ਦਵਾਈ ਨਾਲ ਰੋਗੀ ਸੰਸਾਰ ਦਾ ਇਲਾਜ ਕੀਤਾ ਸੀ । ਡਾ. ਗੋਕਲ ਚੰਦ ਨਾਰੰਗ ਦੇ ਸ਼ਬਦਾਂ ਵਿੱਚ ਪੰਜਾਬ ਤਾਂ ਰੂਹਾਨੀ ਭੋਖੜੇ ਤੋਂ ਬਚਿਆ ਹੀ ਇਸੇ ਦੇ ਸਦਕੇ ਹੈ । ' ਜਦੋਂ ਜ਼ਦੋਂ ਵੀ ਗੁਰੂ ਜ਼ਿੰਦਗੀ ਨੂੰ ਔਕੜਾਂ ਵਿੱਚ ਘਿਰਿਆ ਹੋਇਆ ਦੇਖਦੇ, ਉਨ੍ਹਾਂ ਦਾ ਕ੍ਰਿਪਾਲੂ ਹਿਰਦਾ ਰਹਿਮਤ ਵਿੱਚ ਸਚਾਈ ਦਾ ਅੰਮ੍ਰਿਤ ਲੈ ਕੇ ਉਛਲਦਾ, ਉਹ ਗਾ ਉਠਦੇ ਤੇ ਗਾ ਗਾ ਕੇ ਹੀ ਸਾਰੇ ਰੋਗਾਂ ਨੂੰ ਧੋਂਦੇ ਜਾਂਦੇ । ਗੁਰੂ ਜੀ ਤੇ ਕਈ ਵੇਰ ਕਹਿੰਦੇ, 'ਮਰਦਾਨਿਆਂ ! ਰਬਾਬ ਛੇੜ, ਬਾਣੀ ਆਈ ਹੈ', ਬਾਣੀ ਰੂਹਾਨੀਅਤ ਦੇ ਸ਼ਾਹਾਨਾ, ਠਾਠ ਵਿੱਚ ਵਿਸਮਾਦੀ ਹੁਲਾਰੇ ਨਾਲ ਡਲ੍ਹਦੀ ਆਉਂਦੀ ਸੀ । ਦਰਿਆਵਾਂ, ਨਦੀਆਂ ਦੇ ਕਿਨਾਰੇ , ਚਮਕਦੇ ਸਿਤਾਰੇ, ਭਿਨੜੀ ਰੈਣ ਦੇ ਨਜ਼ਾਰੇ ਤੇ ਅਲੌਕਕ ਰੂਹਾਨੀ ਹੁਲਾਰੇ ਇਸ ਬਾਣੀ ਦੇ ਆਗਮਨ ਦਾ ਸੋਹਣਾ ਸਮਾਂ ਤੇ ਸਥਾਨ ਸਨ । ਗੁਰੂ ਦੀ ਪਾਰਦਰਸ਼ੀ ਆਤਮਾ ਜੋ ਕੁਝ ਵੀ ਸੱਚ ਤੇ ਸੁੰਦਰ ਹੈ, ਉਸ ਨੂੰ ਆਪਣੇ ਆਪ ਵਿੱਚ ਚਿਤ੍ਰਤ ਕਰੀ ਜਾਂਦੀ ਸੀ । ਇਨ੍ਹਾਂ ਸ਼ਬਦੀ-ਚਿਤ੍ਰਾਂ ਨੂੰ ਗੁਰੂ ਦੇ ਸਿੱਖ ਨਾਲੋ ਨਾਲ ਲਿਖਦੇ ਜਾਂਦੇ ਤੇ ਗੁਰੂ ਜੀ ਵੀ ਇਸ ਦਾ ਸੰਗ੍ਰਹਿ ਕਰਦੇ ਰਹਿੰਦੇ ਸਨ । ਇਤਿਹਾਸ ਵਿੱਚ ਕਿਤੇ ਕਿਤੇ ਗੁਰੂ ਨਾਨਕ ਸਾਹਿਬ ਪਾਸ ਪੋਥੀ ਯਾ ਕਿਤਾਬ, ਜੋ ਉਹ ਦੌਰਿਆਂ ਸਮੇਂ ਸਦਾ ਆਪਣੇ ਨਾਲ ਰੱਖਿਆ ਕਰਦੇ ਸਨ , ਹੋਣ ਦਾ ਜ਼ਿਕਰ ਆਇਆ ਹੈ । ਜਨਮ ਸਾਖੀ ਵਿੱਚ ਭਾਈ ਸ਼ੀਹਾਂ ਉਪਲ ਤੇ ਭਾਈ ਮਨਸੁਖ ਆਦਿ ਵੱਲੋਂ ਬਾਬੇ ਨਾਨਕ ਜੀ ਦੀ ਬਾਣੀ ਸੰਗ੍ਰਹਿ ਕਰਨ ਦਾ ਵੀ ਉਲੇਖ ਹੈ ।

ਇਹ ਗੁਰੂਆਂ ਦਾ ਪਹਿਲੇ ਸੋਚਿਆ-ਸਮਝਿਆ ਨਿਸ਼ਾਨਾ ਸੀ ਕਿ ਉਹ ਤਮਾਮ ਰੂਹਾਨੀ ਤਜਰਬੇ ਸਾਹਿਤਕ ਤੇ ਸੰਗੀਤਕ ਰੰਗ ਵਿੱਚ ਕਲਮਬੰਦ ਕਰਦੇ ਜਾਣ ਕਿਉਕਿ ਉਸ ਸਮੇਂ ਸਾਹਿਤਕਾਰ (ਲਿਖਾਰੀ) ਜ਼ਿੰਦਗੀ ਦੇ ਸੁਚੇ ਅਸਲੀ ਸਾਹਿਤ ਤੋਂ ਭੁਲ ਕੇ ਹੋਰ ਪਾਸੇ ਲੱਗੇ ਹੋਏ ਸਨ । ਜੈਸਾ ਕਿ ਗੁਰੂ ਸਾਹਿਬ ਨੇ ਕਿਹਾ ਹੈ :-

**ਨਾਮ ਵਿਸਾਰਹਿ ਬੇਦ ਸਮਾਲਹਿ ਬਿਖ ਭੂਲੇ ਲੇਖਾਰੀ ।** (ਮਹਲਾ ੧)

ਇਸੇ ਕਰਕੇ ਅਸਲੀ ਰੂਹਾਨੀ-ਸਾਹਿਤ ਦੇ ਕਵੀ ਲਿਖਾਰੀ ਗੁਰੂ ਨਾਨਕ ਸਾਹਿਬ ਨੇ ਆਪਣੀ ਹਿੰਦੁਸਤਾਨ ਭਰ ਦੀ ਯਾਤਰਾ ਵਿੱਚ ਕਈ ਹੋਰ ਸੰਤਾਂ ਮਹਾਤਮਾਂ ਦੇ ਵੀ ਸੁੱਚੇ ਬਚਨ ਸੰਚਤ ਕੀਤੇ।

ਬਾਬਾ ਫਰੀਦ ਜੀ ਦੀ ਬਾਣੀ ਗੁਰੂ ਨਾਨਕ ਦੇਵ ਜੀ ਪਾਸ ਇਕੱਠੀ ਕੀਤੀ ਜਾਣ ਦਾ ਸਬੂਤ ਸਾਨੂੰ ਗੁਰੂ ਜੀ ਦੀ ਬਾਣੀ ਵਿੱਚੋਂ ਹੀ ਮਿਲਦਾ ਹੈ ਕਿਉਂਕਿ ਉਨ੍ਹਾਂ ਕਈ ਸ਼ਬਦ ਸ਼ੇਖ ਫਰੀਦ ਜੀ ਦੀਆਂ ਗੱਲਾਂ ਨੂੰ ਸਪੱਸ਼ਟ ਕਰਨ ਲਈ ਆਪ ਲਿਖੇ ਸਨ। ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਜੀ ਨੂੰ ਗੁਰਿਆਈ ਦੇਂਦਿਆਂ ਹੋਇਆ ਇਹ ਬਾਣੀ ਦੀ ਭੰਡਾਰ ਵੀ ਸੌਂਪਿਆਂ। ਗੁਰੂ ਅੰਗਦ ਜੀ ਨੇ ਆਪੇ ਭਾਵੇਂ ਥੋੜ੍ਹੀ ਹੀ ਰਚਨਾ ਕੀਤੀ ਪਰ ਭਾਈ ਪੈੜੇ ਮੋਖੇ ਪਾਸੋਂ ਬਾਣੀ ਨੂੰ ਗੁਰਮੁਖੀ ਲਿਪੀ ਵਿੱਚ ਲਿਖਾ ਕੇ ਸਿੱਖਾਂ ਵਿੱਚ ਕਾਫੀ ਪਰਚਾਇਆ ਤੇ ਗੁਰੂ ਬਾਬੇ ਦੀ ਜਨਮ ਸਾਖੀ ਵੀ ਲਿਖਵਾਈ। ਗੁਰੂ ਅਮਰਦਾਸ ਜੀ ਭਾਵੇਂ ਬੁਢਾਪੇ ਸਮੇ ਗੁਰੂ ਸ਼ਰਣ ਆਏ ਪਰੰਤੂ ਗੁਰਬਾਣੀ ਨੇ ਉਨ੍ਹਾਂ ਅੰਦਰ ਸਦਾ ਜੋਬਨ ਤੇ 'ਗੁਰਮੁਖਿ ਬੁਢੇ ਕਦੀ ਨਾਹੀ' ਵਾਲੀ ਅਵਸਥਾ ਪੈਦਾ ਕਰ ਦਿੱਤੀ ਸੀ। ਉਹ ਆਪ ਵੀ ਕਵੀ ਸਨ ਤੇ ਉਨ੍ਹਾਂ ਦੇ ਪਰਿਵਾਰ ਵਿੱਚ ਵੀ ਰੂਹਾਨੀ ਕਵਿਤਾ ਦਾ ਬਹੁਤ ਸ਼ੌਕ ਸੀ। ਚੁਨਾਂਚਿ ਉਨ੍ਹਾਂ ਆਪਣੇ ਸਪੁੱਤਰ ਬਾਬਾ ਮੋਹਨ ਸਿੰਘ ਜੀ ਤੇ ਪੋਤਰੇ-ਸਹੰਸ੍ਰ ਰਾਮ ਜੀ ਤੋਂ ਬਾਣੀ ਦਾ ਕਾਫੀ ਸੰਗ੍ਰਹਿ ਕਰਵਾਇਆ।

ਗੁਰੂ ਅਮਰਦਾਸ ਜੀ ਨੇ ਪ੍ਰੇਮ ਰੰਗ ਵਿੱਚ ਬਾਣੀ ਉਚਾਰੀ ਤੇ ਇਨ੍ਹਾਂ ਦੇ ਛੋਟੇ ਪੁੱਤਰ ਸ੍ਰੀ ਅਰਜਨ ਤੇ ਜਮਾਂਦਰੂ ਹੀ ਕਵੀ ਸਨ, ਜਿਨ੍ਹਾਂ ਬਾਰੇ ਉਨ੍ਹਾਂ ਦੇ ਨਾਨਾ ਗੁਰੂ ਅਮਰਦਾਸ ਜੀ ਕਿਹਾ ਸਕਦੇ ਸਨ :- 'ਦੋਹਤਾ ਬਾਣੀ ਕਾ ਬੋਹਥਾ'

ਜਿਸ ਸਮੇਂ ਗੁਰੂ ਪਰਿਵਾਰ ਪਾਸ ਸੰਤ-ਬਚਨਾਂ ਦਾ ਭਰਪੂਰ ਖਜ਼ਾਨਾ ਹੋ ਗਿਆ, ਇਹ ਵੱਡੀ ਕਰਾਮਾਤ ਸੀ, ਖੁਸ਼ਬੂ ਭਰੀ ਕਸਤੂਰੀ ਸੀ ਜਿਸ ਦੇ ਸ਼ੈਦਾਈ ਕੀਤੇ ਸਿੱਖ, ਗੁਰੂ ਪਾਸ ਦੂਰੋਂ-ਦੂਰੋਂ ਪੁੱਜਦੇ ਸਨ। ਇਹ ਗੱਲ ਵੇਖਕੇ ਗੁਰੂ ਅਰਜਨ ਦੇਵ ਜੀ ਦੇ ਭਰਾ ਪ੍ਰਿਥੀ ਚੰਦ ਨੇ ਇਸ ਕਰਾਮਾਤ ਰਾਹੀਂ ਸਾਰੀ ਸਿੱਖੀ ਸੇਵਕੀ ਨੂੰ ਆਪਣੇ ਨਾਲ ਜੋੜ ਲੈਣਾ ਚਾਹਿਆ। ਚੁਨਾਂਚਿ ਉਸ ਨੇ ਵੀ ਮਿਹਨਤ ਕਰਾਕੇ ਚਾਰ ਗੁਰੂਆਂ ਦੇ ਬਚਨਾਂ ਦੀ ਇੱਕ ਵੱਡੀ ਪੁਸਤਕ ਬਣਾਈ, ਜਿਸ ਵਿੱਚ ਕੁੱਝ ਆਪਣੀ ਵੀ ਬਾਣੀ ਲਿਖਾ ਦਿੱਤੀ। ਗੁਰੂਆਂ ਦੇ ਹਜ਼ੂਰੀ ਖਾਨਦਾਨ ਵਿੱਚੋਂ ਤੇ ਭਾ. ਮਨੀ ਸਿੰਘ ਜੀ ਦੇ ਸਮਕਾਲੀ ਸਿੱਖ ਵਿਦਵਾਨ ਭਾ. ਕੇਸਰ ਸਿੰਘ ਜੀ ਛਿਬਰ 'ਬੰਸਾਵਲੀਨਾਮੇ' ਵਿੱਚ ਲਿਖਦੇ ਹਨ।

'ਡੂਮ ਲਗੇ ਸ਼ਬਦ ਮੀਣਿਆਂ ਦੇ ਗਾਵਣ ਦੂਜਾ ਦਰਬਾਰ ਵਡਾ, ਗੁਰਿਆਈ ਦਾ ਲਗੇ ਲਾਵਣ ਮੀਣਿਆ ਭੀ ਇਕ ਪੁਸਤਕ ਗ੍ਰੰਥ ਬਣਾਇਆ ਚਹੁੰ ਪਾਤਸ਼ਾਹੀਆਂ ਦੇ ਸ਼ਬਦ, ਬਾਣੀ ਲਿਖ ਵਿਚ ਪਾਇਆ। ੨੧।'

(ਬੰਸਾਵਲੀ ਨਾਮਾ)

ਇਸ ਤੋਂ ਪਹਿਲੇ ਹੀ ਗੁਰੂ ਅਰਜਨ ਜੀ ਗੁਰਧਾਮਾਂ ਦੀ ਉਸਾਰੀ ਵਿੱਚ ਰੁਝੇ ਹੋਏ ਵੀ ਕਈ ਸਿਆਣੇ ਲਿਖਾਰੀ-ਭਾਈ ਸੰਤ ਰਾਮ, ਹਰੀਆ, ਸੁਖਾ ਤੇ ਮਨਸਾ ਰਾਮ-ਆਦਿਕ ਨੂੰ ਲਾ ਕੇ ਸ਼ੁੱਧ ਬਾਣੀ ਲਿਖਣ ਲਿਖਾਉਣ ਦੇ ਕੰਮ ਨੂੰ ਆਰੰਭ ਕਰ ਚੁੱਕੇ ਸਨ, ਜੈਸਾ ਕਿ ਉਪਰੋਕਤ ਲਿਖਾਰੀ ਹੀ ਦੱਸਦਾ ਹੈ :-

'ਸਾਹਿਬ ਲਗੇ ਉਚਾਰਨ, ਰਸਨਾ ਤੇ ਸ਼ਬਦ ਬਾਣੀ ਚਾਰ ਲਿਖਾਰੀ ਤੀਰ ਅਪਨੇ ਠਹਿਰਾਏ ਲਿਖਦੇ ਜਾਣ, ਸਾਹਿਬ ਜੋ ਕੁਝ ਰਸਨੀ ਅਲਾਏ ਭਾਈ ਸੰਤ ਰਾਮ ਤੇ ਹਰੀਆ, ਸੁਖਾ ਮਨਸਾ ਰਾਮ ਲਿਖਦੇ ਜਾਣ, ਸਾਹਿਬ ਜੋ ਕਰਨ ਬਖਾਨ। 31।'

ਪਰੰਤੂ ਜਦੋਂ ਗੁਰੂ ਜੀ ਨੂੰ ਇਹ ਪਤਾ ਲੱਗਾ ਕਿ ਮੀਣੇ ਸ਼ਰਾਰਤ ਕਰਕੇ ਬਾਣੀ ਵਿੱਚ ਮਿਲਾਵਟ ਕਰ ਰਹੇ ਹਨ ਤਾਂ ਆਪ ਨੇ ਇਸ ਜ਼ਰੂਰੀ ਕੰਮ ਨੂੰ ਛੇਤੀ ਨਿਪਟਾਣ ਲਈ ਮਹਾਨ ਜਤਨ ਅਰੰਭ ਦਿੱਤੇ। ਭਾਵੇਂ ਉਨ੍ਹਾਂ ਦੇ ਪਾਸ ਗੁਰੂਆਂ ਤੇ ਭਗਤਾਂ ਦੀ ਬਾਣੀ ਮੌਜੂਦ ਸੀ, ਫਿਰ ਵੀ ਉਹ ਚਾਹੁੰਦੇ ਸਨ ਕਿ

ਸਤਿਗੁਰੂਆਂ ਦਾ ਕੋਈ ਅੰਮ੍ਰਿਤ-ਬਚਨ ਸਾਡੇ ਇਸ ਸੰਗ੍ਰਹਿ ਤੋਂ ਬਾਹਰ ਨਾ ਰਹਿ ਜਾਵੇ । ਇਸੇ ਖਿਆਲ ਨਾਲ ਉਨ੍ਹਾਂ ਸਾਰੇ ਸਿੱਖਾਂ ਨੂੰ ਹੁਕਮਨਾਮੇ ਭੇਜੇ ਕਿ ਜਿਸ ਪਾਸ ਵੀ ਗੁਰੂ ਦਾ ਸ਼ਬਦ ਲਿਖਿਆ ਹੋਵੇ, ਉਹ ਫੌਰਨ ਸਾਡੇ ਪਾਸ ਪੁੱਜਦਾ ਕਰੇ । ਇਸੇ ਖਿਆਲ ਨਾਲ ਉਨ੍ਹਾਂ ਲੰਕਾ ਦੇ ਰਾਜੇ ਮੇਦਨੀ ਪਾਸ 'ਪ੍ਰਾਣ ਸੰਗਲੀ' ਨਾਮੀ ਪੁਸਤਕ ਲਿਆਉਣ ਲਈ ਉਚੇਚਾ ਭਾਈ ਪੈੜੇ ਨੂੰ ਭੇਜਿਆ ਕਿਉਂਕਿ ਇਸ ਰਚਨਾ ਬਾਰੇ ਖਿਆਲ ਸੀ ਕਿ ਸ਼ਾਇਦ ਗੁਰੂ ਨਾਨਕ ਜੀ ਦੇ ਇਲਾਹੀ ਕਲਾਮ ਦਾ ਕੋਈ ਸੰਗ੍ਰਹਿ ਹੈ ਪਰ ਇਹ ਗੱਲ ਠੀਕ ਨਾ ਨਿਕਲੀ । ਇਸੇ ਤਰ੍ਹਾਂ ਉਨ੍ਹਾਂ ਆਪਣੇ ਮਾਮੇ ਬਾਬਾ ਮੋਹਨ ਜੀ ਪਾਸੋਂ ਵੀ ਆਪ ਜਾ ਕੇ ਬਾਣੀ ਦੀਆਂ ਸੈਂਚੀਆਂ ਲਿਆਂਦੀਆਂ ਤਾਂ ਕਿ ਉਨ੍ਹਾਂ ਤੋਂ ਵੀ ਗੁਰਬਾਣੀ ਸੰਪਾਦਨ ਵਿੱਚ ਸਹਾਇਤਾ ਲਈ ਜਾ ਸਕੇ । ਇਹ ਸਾਰਾ ਮਸਾਲਾ ਜਮ੍ਹਾਂ ਕਰਨ ਤੇ ਗੁਰੂ ਜੀ ਨੇ ਕਲਮ ਦੇ ਧਨੀ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੂੰ ਆਪਣੇ ਨਾਲ ਲਾਇਆ, ਕਿਉਂ ਕਿ ਇਹ ਕੰਮ ਕਾਫੀ ਸਿਆਣਪ ਤੇ ਲਗਾਤਾਰ ਮਿਹਨਤ ਦਾ ਸੀ । ਸਾਰੀ ਬਾਣੀ ਨੂੰ ਰਾਗਾਂ, ਛੰਦਾਂ ਤੇ ਵੱਖ-ਵੱਖ ਗੁਰੂ-ਵਿਅਕਤੀਆਂ ਦੀ ਤਰਤੀਬ ਅਨੁਸਾਰ ਸੰਚਯ ਕਰਨਾ ਸੀ । ਭਾਈ ਕੇਸਰ ਸਿੰਘ ਜੀ ਲਿਖਦੇ ਹਨ :-

**'ਬਚਨ ਕੀਤਾ ਭਾਈ ਗੁਰਦਾਸ ! ਗੁਰੂ ਕੀ ਬਾਣੀ ਜੁਦਾ ਕਰੀਏ**
**ਮੀਣੇ ਪਾਨ ਲਗੇ ਨੀ ਰਲਾ, ਸੋ ਨਿਆਰੀ ਕਰ ਧਰੀਏ ।**
**ਸੋ ਸਾਹਿਬ ਅਗੇ ਹੀ, 'ਬਾਣੀ ਉਚਾਰ ਕਰਤ ਸੇ ਭਏ**
**ਸੋ ਭਾਈ ਗੁਰਦਾਸ, ਸਭ ਇਕੱਤਰ ਕਰ ਲਏ । ੯੬**

ਲੱਗਭੱਗ ਛੇ ਹਜ਼ਾਰ ਸ਼ਬਦਾਂ ਦੀ ਛਾਣ ਬੀਣ ਕਰਦਿਆਂ ਕਾਫੀ ਸਮਾਂ ਲੱਗਿਆ ਹੋਵੇਗਾ ਤੇ ਸੋਧ ਸੁਧਾਈ ਕਾਫੀ ਸਮਾਂ ਲੱਗਿਆ ਹੋਵੇਗਾ ਤੇ ਸੋਧ ਸੁਧਾਈ ਕਰਦਿਆਂ ਸ਼ਾਇਦ ਕਈ ਖਰੜੇ ਵੀ ਤਿਆਰ ਕਰਨੇ ਪਏ ਹੋਣਗੇ ।

ਜਦੋਂ ਸਤਿਗੁਰੂ ਇਲਾਹੀ ਗਿਆਨ ਦੀ ਸਾਂਝੀ ਧਰਮ-ਪੁਸਤਕ ਤਿਆਰ ਕਰ ਰਹੇ ਸਨ, ਆਲੇ-ਦੁਆਲੇ ਇਸ ਦੀ ਕਾਫੀ ਚਰਚਾ ਹੋ ਰਹੀ ਸੀ । 1655 ਬਿ. 25 ਮਘਰ ਨੂੰ ਬਾਦਸ਼ਾਹ ਅਕਬਰ ਵੀ ਇਸ ਇਲਾਹੀ ਕਲਾਮ ਦੀ ਦੀਦਾਰ ਲਈ ਗੁਰੂ ਜੀ ਪਾਸ ਕਰਤਾਰਪੁਰ ਆਇਆ ਤੇ ਉਸ ਨੇ ਇਸ ਉਪਕਾਰੀ ਯਤਨ ਦੀ ਬਹੁਤ ਸ਼ਲਾਘਾ ਕੀਤੀ । ਸਾਲਾਂ ਦੀ ਮਿਹਨਤ ਬਾਅਦ ਗੁਰੂ ਜੀ ਨੇ ਅਖੀਰ 1658 ਬਿ. ਨੂੰ ਸ੍ਰੀ ਰਾਮਸਰ ਅੰਮ੍ਰਿਤਸਰ ਵਿੱਚ ਇਹ ਮਹਾਨ ਕੰਮ ਸਿਰੇ ਚੜ੍ਹਾਇਆ । ਭਾਵੇਂ ਹੋਰ ਕਈ ਲਿਖਾਰੀਆਂ ਵੀ ਇਸ ਕੰਮ ਵਿੱਚ ਹਿੱਸਾ ਲਿਆ ਮਗਰ ਮੋਹਰੀ ਲਿਖਾਰੀ ਭਾ. ਗੁਰਦਾਸ ਜੀ ਹੋਣ ਕਰਕੇ ਉਨ੍ਹਾਂ ਦਾ ਨਾਮ ਹੀ ਵਧੇਰੇ ਪ੍ਰਸਿੱਧ ਹੋਇਆ । ਚੁਨਾਂਚਿ 'ਬੰਸਾਵਲੀ ਨਾਮੇ' ਦਾ ਲਿਖਾਰੀ ਦੱਸਦਾ ਹੈ :-
'ਸੰਮਤ ਸੋਲਾਂ ਸੈ ਅਠਵੰਜਾ ਸੇ ਗਏ ਤਬ ਆਦਿ ਗ੍ਰੰਥ ਜੀ ਜਨਮ ਥੇ ਲਏ ਗੁਰੂ ਅਰਜਨ ਜੀ ਧਾਮ, ਜਨਮ ਗ੍ਰੰਥ ਜੀ ਧਾਰਾ ਦਾਇਆ ਸੀ ਭਾਈ ਗੁਰਦਾਸ ਭੱਲਾ, ਲਿਖਾਰੀ ਖਿਡਾਵਣਹਾਰਾ (੨੨੨)

ਜਦੋਂ ਸਿੱਖ ਸੰਗਤਾਂ ਵਿੱਚ ਇਹ ਪਤਾ ਲੱਗਾ ਕਿ ਗੁਰੂ ਜੀ ਨੇ ਸਾਰੇ ਗੁਰੂਆਂ ਤੇ ਭਗਤਾਂ ਦੀ ਬਾਣੀ ਦਾ ਬਾਤਰਤੀਬ ਸੰਗ੍ਰਹਿ ਕਰਵਾ ਕੇ ਇਹ ਅਨੂਪਮ ਗ੍ਰੰਥ ਤਿਆਰ ਕਰ ਲਿਆ ਹੈ, ਤਾਂ ਇਸ ਦੇ ਉਤਾਰਾ ਕਰਨ ਦਾ ਚਾਅ ਕਈ ਹਿਰਦਿਆਂ ਵਿੱਚ ਜਾਗਿਆ ਕਿਉਂਕਿ ਸਿੱਖਾਂ ਵਿੱਚ ਵੀ ਬਾਣੀ ਲਿਖਣ ਦਾ ਬਹੁਤ ਸ਼ੌਕ ਸੀ । ਛਾਪਾਖਾਨਾ ਤਾਂ ਹੈ ਨਹੀਂ ਸੀ, ਹੱਥਾਂ ਨਾਲ ਲਿਖ ਕੇ ਹੀ ਬਾਣੀ ਦਾ, ਪ੍ਰਚਾਰ ਕੀਤਾ ਜਾਂਦਾ ਸੀ, ਮਾਨੋ ਇਹੋ ਸਾਰੀ ਸਿੱਖੀ ਦਾ ਧੁਰਾ ਸੀ । ਭਾ. ਗੁਰਦਾਸ ਜੀ ਨੇ ਆਪਣੀ ਰਚਨਾ ਵਿੱਚ ਕਈ ਥਾਂ ਇਸ ਲਿਖਣ ਸੇਵਾ ਦੀ ਪ੍ਰਸੰਸਾ ਕਰਦਿਆਂ ਕਿਹਾ ਹੈ :-

**'ਗੁਰਮੁਖਿ ਹਥ ਸਕਥ ਹਨ, ਸਾਧ ਸੰਗਤਿ ਗੁਰ ਕਾਰ ਕਮਾਵੈ ।**

ਪਾਣੀ ਪੱਖਾ ਪੀਹਣਾ, ਪੈਰ ਧੋਇ ਚਰਣਾਮ੍ਰਿਤ ਪਾਵੈ ।
ਗੁਰਬਾਣੀ ਲਿਖ ਪੋਥੀਆਂ, ਤਾਲ ਮ੍ਰਿਦੰਗ ਰਬਾਬ ਬਜਾਵੈ ।(ਵਾਰ-੬)
'ਗੁਰਸਿੱਖੀ ਦਾ ਲਿਖਣਾ, ਗੁਰਬਾਣੀ ਸੁਣ ਸਮਝੈ ਲਿਖੈ' । (ਵਾਰ-੨੮)
'ਪਾਂਧਾ ਬੂਲਾ ਜਾਣੀਐ, ਗੁਰਬਾਣੀ ਗਾਇਣ ਲੇਖਾਰੀ ।
ਡਲੇਵਾਸੀ ਸੰਗਤਿ ਭਾਰੀ ।' (ਵਾਰ-੧੧)

ਇਸੇ ਸ਼ੌਕ ਦਾ ਦੀਵਾਨਾ ਹੋਇਆ ਜ਼ਿਲਾ ਗੁਜਰਾਤ ਪਿੰਡ ਖਾਰਾ ਮਾਂਗਟ ਦਾ ਵਾਸੀ ਭਾਈ ਬੰਨੋ ਗੁਰੂ ਜੀ ਪਾਸ ਬੀੜ ਦਾ ਉਤਾਰਾ ਕਰਨ ਲਈ ਆਇਆ । ਬੰਨੋ ਗੁਰੂ ਜੀ ਪਾਸੋਂ ਬੀੜ ਲੈ ਕੇ ਗਿਆ ਤੇ ਉਤਾਰਾ ਕਰਾਉਣਾ ਆਰੰਭ ਦਿੱਤਾ, ਗੁਰੂ ਜੀ ਨੇ ਕੁਝ ਸਮੇਂ ਬਾਅਦ ਭਾਈ ਜੀ ਪਾਸ ਸੁਨੇਹਾ ਭੇਜਿਆ ਕਿ ਬੀੜ ਛੇਤੀ ਲੈ ਆਓ । ਬੰਨੋ ਆਗਿਆ ਸੁਣਕੇ ਗੁਰੂ ਜੀ ਵੱਲ ਨੂੰ ਟੁਰ ਪਿਆ ਤੇ ਰਹਿੰਦਾ ਉਤਾਰਾ ਕਾਫੀ ਲਿਖਾਰੀ ਲਾ ਕੇ ਰਸਤੇ ਵਿੱਚ ਕਰਾ ਲਿਆ ਤੇ ਇਉਂ ਅਸੂ ਵਦੀ ਏਕਮ 1659 ਬਿ. ਨੂੰ ਪੋਥੀ ਲਿਖਦਾ ਲਿਖਾਂਦਾ ਉਹ ਗੁਰੂ ਜੀ ਪਾਸ ਅੰਮ੍ਰਿਤਸਰ ਪਹੁੰਚ ਗਿਆ । ਬੰਨੋ ਦੀ ਬੀੜ ਵਿੱਚ ਦਿੱਤਾ ਹੋਇਆ ਇਹ ਨੋਟ ਧਿਆਨ ਨਾਲ ਪੜ੍ਹਨ ਯੋਗ ਹੈ :-

'ਸੰਮਤ 1659, ਮਿਤੀ ਅਸੂ ਵਦੀ ਏਕਮ ਪੋਥੀ ਲਿਖਿ ਪਹੁੰਚੇ ਜਪੁ ਗੁਰੂ
ਰਾਮ ਦਾਸ ਜੀਉ ਕੇ ਨਕਲ ਕਾ ਨਕਲੁ ।'

ਜਦੋਂ ਅਸੀਂ ਸਿੱਖ ਇਤਿਹਾਸ ਵਿੱਚ ਗੁਰਬਾਣੀ ਸੰਬੰਧੀ ਸਿੱਖ ਗੁਰੂਆਂ ਦੀ ਘਾਲਣਾ ਮਿਹਨਤ ਤੇ ਸਤਿਕਾਰ ਬਾਰੇ ਵਿਚਾਰ ਕਰਦੇ ਹਾਂ, ਇਉਂ ਮਾਲੂਮ ਹੁੰਦਾ ਹੈ ਕਿ ਗੁਰੂਆਂ ਨੇ ਜੋ ਰੂਹਾਨੀਅਤ ਦਾ ਚਮਨ ਲਾਇਆ, ਮਾਨੋ ਗੁਰੂ ਗ੍ਰੰਥ ਸਾਹਿਬ ਉਸ ਦੇ ਚੋਣਵੇਂ ਫੁੱਲਾਂ ਦਾ ਨਿਚੋੜ ਸੀ । ਇਹ ਹੀ ਨਹੀਂ ਕਿ ਗੁਰੂਆਂ ਇਸ ਵਿੱਚ ਕੇਵਲ ਆਪਣੀ ਬਾਣੀ ਹੀ ਸੰਗ੍ਰਹਿ ਕਰਵਾਈ ਬਲਕਿ ਉਨ੍ਹਾਂ ਭਗਤੀ ਲਹਿਰ ਦੇ ਤਮਾਮ ਸੰਤਾਂ ਭਗਤਾਂ ਦੇ ਚਾਰ ਪੰਜ ਸਦੀਆਂ ਦੇ ਸੁੰਦਰ ਬਚਨਾਂ ਨੂੰ ਵੀ ਬਗੈਰ ਕਿਸੇ ਜਨਮ, ਜਾਤੀ, ਮਜ਼੍ਹਬ ਤੇ ਦੇਸ ਭੇਦ ਦੇ ਇਸ ਵਿੱਚ ਸ਼ਾਮਿਲ ਕੀਤਾ । ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ 5894 ਸ਼ਬਦ ਹਨ, ਜਿਨ੍ਹਾਂ ਵਿੱਚੋਂ 8956 ਗੁਰੂਆਂ ਦੇ ਤੇ 938 ਭਗਤਾਂ ਤੇ ਭੱਟਾਂ ਆਦਿ ਦੀ ਰਚਨਾ ਹੈ ।

ਇਹ ਸਚਾਈ ਦੀ ਮਹਾਨਤਾ ਤੇ ਵੰਡ ਵਿਖੇਵਿਆਂ ਵਾਲੇ ਦੇਸ ਵਿੱਚ ਮਨੁੱਖੀ ਸਮਾਨਤਾ ਦੀ ਸਭ ਤੋਂ ਸੁੰਦਰ ਮਿਸਾਲ ਹੈ, ਜੋ ਗੁਰੂ ਜੀ ਨੇ ਕਰ ਕੇ ਦਿਖਾਈ । ਰੂਹਾਨੀ ਵਿਸ਼ੇਸ਼ਤਾ ਉਨ੍ਹਾਂ ਦੀ ਸਭ ਤੋਂ ਵੱਡੀ ਕਸਵੱਟੀ ਸੀ । ਉਹ ਆਖਦੇ ਸਨ ਕਿ ਸੱਚੀ ਬਾਣੀ ਉਹੋ ਹੈ, ਜਿਸ ਵਿੱਚ 'ਅੰਮ੍ਰਿਤ ਨਾਮ ਨਿਧਾਨ' ਹੋਵੇ, ਇਹ ਨਾਮ ਹੀ 'ਪਰਤੱਖ ਗੁਰੂ' ਬਣ ਕੇ ਨਿਸਤਾਰਾ ਕਰਦਾ ਹੈ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

ਇਥੇ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀਆਂ ਦਾ ਵੇਰਵਾ ਦਿੰਦੇ ਹਾਂ । ਜਿਸ ਤੋਂ ਸਾਰੀ ਗੱਲ ਸਮਝ ਆ ਜਾਵੇ ।

| ਨਾਮ | ਜਾਤ | ਦੇਸ਼ | ਕੁੱਲ ਸ਼ਬਦ |
|---|---|---|---|
| ਗੁਰੂ ਨਾਨਕ ਦੇਵ ਜੀ (1469-1539) | ਖੱਤਰੀ | ਪੰਜਾਬ | 974 |
| ਗੁਰੂ ਅੰਗਦ ਦੇਵ ਜੀ (1504-1552) | ਖੱਤਰੀ | ਪੰਜਾਬ | 62 |
| ਗੁਰੂ ਅਮਰਦਾਸ ਜੀ (1479-1574) | ਖੱਤਰੀ | ਪੰਜਾਬ | 907 |
| ਗੁਰੂ ਰਾਮਦਾਸ ਜੀ (1534-1581) | ਖੱਤਰੀ | ਪੰਜਾਬ | 679 |

| | | | |
|---|---|---|---|
| ਗੁਰੂ ਅਰਜਨ ਦੇਵ ਜੀ (1563-1606) | ਖੱਤਰੀ | ਪੰਜਾਬ | 2218 |
| ਗੁਰੂ ਤੇਗ ਬਹਾਦਰ ਜੀ (1621-1675) | ਖੱਤਰੀ | ਪੰਜਾਬ | 115 |
| ਗੁਰੂ ਗੋਬਿੰਦ ਸਿੰਘ ਜੀ (1666-1708) | ਖੱਤਰੀ | ਪੰਜਾਬ | 1 |
| ਭਗਤ ਕਬੀਰ ਜੀ (1398-1495) | ਜੁਲਾਹਾ | ਯੂ.ਪੀ. | 541 |
| ਭਗਤ ਨਾਮਦੇਵ ਜੀ (1270-1350) | ਛੀਂਬਾ | ਮਹਾਰਾਸ਼ਟਰ | 61 |
| ਭਗਤ ਰਵਿਦਾਸ ਜੀ (1399-1514) | ਚਮਾਰ | ਯੂ.ਪੀ. | 41 |
| ਸ਼ੇਖ ਫ਼ਰੀਦ ਜੀ (1175-1265) | ਮੁਸਲਮਾਨ | ਪੰਜਾਬ | 116 |
| ਭਗਤ ਤਿਰਲੋਚਨ ਜੀ (1267-1335) | ਬ੍ਰਾਹਮਣ | ਮਹਾਰਾਸ਼ਟਰ | 4 |
| ਭਗਤ ਬੇਣੀ ਜੀ (15 ਵੀਂ ਸਦੀ) | ਬ੍ਰਾਹਮਣ | ਬਿਹਾਰ | 3 |
| ਭਗਤ ਧੰਨਾ ਜੀ (1416 ਜਨਮ) | ਜੱਟ | ਰਾਜਸਥਾਨ | 4 |
| ਭਗਤ ਜੈ ਦੇਵ ਜੀ (1201-1245) | ਬ੍ਰਾਹਮਣ | ਬੰਗਾਲ | 2 |
| ਭਗਤ ਭੀਖਨ ਜੀ (1480-1573) | ਮੁਸਲਮਾਨ | ਯੂ.ਪੀ. | 2 |
| ਭਗਤ ਸੈਣ ਜੀ (1390-1440) | ਨਾਈ | ਰੀਵਾਂ | 1 |
| ਭਗਤ ਪੀਪਾ ਜੀ (1426 ਜਨਮ) | ਬ੍ਰਾਹਮਣ | ਰਾਜਸਥਾਨ | 1 |
| ਭਗਤ ਸਧਨਾ ਜੀ | ਕਸਾਈ | ਸਿੰਧ | 1 |
| ਭਗਤ ਰਾਮਾ ਨੰਦ ਜੀ (1366-1467) | ਬ੍ਰਾਹਮਣ | ਯੂ.ਪੀ. | 1 |
| ਭਗਤ ਪਰਮਾਨੰਦ ਜੀ (1483-1593) | ਬ੍ਰਾਹਮਣ | ਮਹਾਰਾਸਟਰ | 1 |
| ਭਗਤ ਸੂਰਦਾਸ ਜੀ (1478-1585) | ਬ੍ਰਾਹਮਣ | ਪੰਜਾਬ | 1 |
| ਸੁੰਦਰ (1560-1603) | ਖੱਤਰੀ | ਪੰਜਾਬ | 6 |
| ਮਰਦਾਨਾ (1459 ਈ:) | ਮਿਰਾਸੀ | ਪੰਜਾਬ | 3 |
| ਸੱਤਾ (ਸੋਲ੍ਹਵੀਂ ਸਦੀ) | ਡੂਮ | ਪੰਜਾਬ | 5 |
| ਰਾਇ ਬਲਵੰਡ (ਸੋਲ੍ਹਵੀਂ ਸਦੀ) | ਰਾਅ ਭੱਟ | ਪੰਜਾਬ | 5 |
| ਕਲਸਹਾਰ (ਸੋਲ੍ਹਵੀਂ ਸਦੀ) | ਰਾਅ ਭੱਟ | ਪੰਜਾਬ | 54 |
| ਜਾਲਪ (ਸੋਲ੍ਹਵੀਂ ਸਦੀ) | ਭੱਟ | ਪੰਜਾਬ | 5 |
| ਕੀਰਤਿ (ਸੋਲ੍ਹਵੀਂ ਸਦੀ) | ਭੱਟ | ਪੰਜਾਬ | 8 |
| ਸਲ੍ਹ (ਸੋਲ੍ਹਵੀਂ ਸਦੀ) | ਭੱਟ | ਪੰਜਾਬ | 3 |
| ਭਲ੍ਹ (ਸੋਲ੍ਹਵੀਂ ਸਦੀ) | ਭੱਟ | ਪੰਜਾਬ | 1 |
| ਨਲ੍ਹ (ਸੋਲ੍ਹਵੀਂ ਸਦੀ) | ਭੱਟ | ਪੰਜਾਬ | 16 |
| ਭਿਖਾ (ਸੋਲ੍ਹਵੀਂ ਸਦੀ) | ਭੱਟ | ਪੰਜਾਬ | 2 |
| ਗਯੰਦ (ਸੋਲ੍ਹਵੀਂ ਸਦੀ) | ਭੱਟ | ਪੰਜਾਬ | 13 |
| ਬਲ੍ਹ (ਸੋਲ੍ਹਵੀਂ ਸਦੀ) | ਭੱਟ | ਪੰਜਾਬ | 5 |
| ਹਰਬੰਸ (ਸੋਲ੍ਹਵੀਂ ਸਦੀ) | ਭੱਟ | ਪੰਜਾਬ | 2 |
| ਮਥਰਾ (ਸੋਲ੍ਹਵੀਂ ਸਦੀ) | ਭੱਟ | ਪੰਜਾਬ | 14 |

ਇਹ ਅੰਕ ਡਾ. ਚਰਨ ਸਿੰਘ ਜੀ ਦੀ ਗਿਣਤੀ ਅਨੁਸਾਰ ਹੈ । ਭਾਈ ਸਾਹਿਬ ਭਾ. ਕਾਨ੍ਹ ਸਿੰਘ ਨਾਭਾ ਨੇ (ਮਹਾਨ ਕੋਸ਼, ਜਿਲਦ ਦੂਜੀ, ਪੰਨਾ 1307) ਕੁੱਲ ਗਿਣਤੀ 5867 ਦਿੱਤੀ ਹੈ । ਵੇਰਵੇ ਵਿੱਚ ਕਈ ਥਾਂ ਫਰਕ ਹੈ । ਮਹਾਨ ਕੋਸ਼ ਅਨੁਸਾਰ ਗੁਰੂ ਨਾਨਕ ਜੀ ਦੇ ਸ਼ਬਦ 987, ਗੁਰੂ ਅੰਗਦ-63, ਗੁਰੂ ਅਮਰਦਾਸ 869, ਗੁਰੂ ਰਾਮ ਦਾਸ-638, ਗੁਰੂ ਅਰਜਨ-2312, ਫਰੀਦ -123, ਨਾਮਦੇਵ-62, ਕਬੀਰ-534, ਰਵਿਦਾਸ-40 ਤੇ ਤ੍ਰਿਲੋਚਨ ਦੇ 5 ਗਿਣੇ ਗਏ ਹਨ । ਜ਼ਿਆਦਾ ਤਰ ਇਸ ਫ਼ਰਕ ਦਾ ਕਾਰਣ ਗਿਣਤੀ ਦੇ ਤਰੀਕੇ ਦਾ ਵਿਖੇਵਾਂ ਹੈ ।

ਉਪਰਲੇ ਵੇਰਵੇ ਤੋਂ ਸਪੱਸ਼ਟ ਹੈ ਕਿ ਗੁਰੂ ਜੀ ਨੇ ਹਿੰਦੁਸਤਾਨ ਭਰ ਦੇ ਸੈਂਤੀ ਮਹਾਂਪੁਰਖਾਂ ਦੇ ਸੰਤ-ਸਾਹਿਤ ਵਿੱਚੋਂ ਬਗੈਰ ਕਿਸੇ ਭਿੰਨ ਭੇਦ ਦੇ ਇਸ ਰੂਹਾਨੀ ਮਹਿਕ ਨੂੰ ਲੈ ਕੇ ਸੰਗੀਤ ਦੇ ਸੁਨਹਿਰੀ ਪਾਤਰ ਵਿੱਚ ਸਜਾਇਆ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਗਾਂ ਅਨੁਸਾਰ ਤਰਤੀਬੀ ਗਈ ਹੈ । ਦਰਅਸਲ ਸਤਿਗੁਰੂ ਖਿੰਡੀ-ਪੁੰਡੀ ਨਿਖੜੀ ਜ਼ਿੰਦਗੀ ਨੂੰ ਵਿਸਮਾਦ ਪੈਦਾ ਕਰਕੇ ਇਕ-ਸੁਰ ਕਰਨ ਆਏ ਸਨ । ਇਸੇ ਲਈ ਹੀ ਉਹ ਆਪ ਗਾਉਂਦੇ ਤੇ ਗਾ ਕੇ ਹੀ ਬਾਣੀ ਉਚਾਰਦੇ ਸਨ । ਇਸ ਦਾ ਮਨੁੱਖੀ ਬ੍ਰਿਤੀਆਂ ਤੇ ਬੜਾ ਡੂੰਘਾ ਅਸਰ ਪੈਂਦਾ ਸੀ । ਗੁਰੂ ਗ੍ਰੰਥ ਸਾਹਿਬ ਜੀ ਬਾਣੀ ਸ੍ਰੀ ਰਾਗ, ਮਾਝ, ਗਉੜੀ ਆਸਾ, ਗੂਜਰੀ, ਦੇਵਗੰਧਾਰੀ ਬਿਹਾਗੜਾ, ਵਡਹੰਸ, ਸੋਰਠ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤੈਲਗ, ਬਿਲਾਵਲ, ਗੌਂਡ, ਰਾਮਕਲੀ ਨਟ, ਮਾਲੀਗਉੜਾ, ਮਾਰੂ, ਕਿਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨੜਾ, ਕਲਿਆਨ, ਪ੍ਰਭਾਤੀ, ਤੇ ਜੈਜਾਵੰਤੀ, ਇਨ੍ਹਾਂ 31 ਰਾਗਾਂ ਵਿਚ ਉਚਾਰੀ ਗਈ ਹੈ । ਲੱਗਭੱਗ ਇਨ੍ਹਾਂ ਸਾਰੇ ਰਾਗਾਂ ਦੇ ਨਾਮ ਦੇਸ਼ਾਂ ਦੇ ਨਾਮ ਤੇ ਹੀ ਪਏ ਹੋਏ ਹਨ । ਗੁਰੂ ਸਾਹਿਬ ਕਈ ਵਾਰ ਦੇਸ਼ਾਂ ਮੁਤਾਬਿਕ ਰੂਹਾਨੀ ਸੰਗੀਤ ਦਾ ਗਾਇਨ ਕਰਕੇ ਹੀ ਜ਼ਿੰਦਗੀ ਦੀਆਂ ਤਰਬਾਂ ਨੂੰ ਹਿਲਾਇਆ ਕਰਦੇ ਸਨ ਤੇ ਉਨ੍ਹਾਂ ਦੀ ਉੱਚੀ ਮਨੋਹਰ ਸ਼ਖਸੀਅਤ ਸੰਗੀਤ ਰਾਹੀਂ ਜਾਦੂ ਬਰਸਾ ਦੇਂਦੀ ਸੀ ।

ਇਸੇ ਤਰ੍ਹਾਂ ਉਨ੍ਹਾਂ ਸਲੋਕ, ਪਉੜੀ ਛੰਤ, ਅਸ਼ਟਪਦੀ, ਸਵਯੇ, ਬਾਰਾਂਮਾਂਹ, ਥਿਤੀ, ਪਹਰੇ, ਵਾਰ, ਪਟੀ ਘੋੜੀਆਂ ਤੇ ਅਲਾਹੁਣੀਆਂ, ਆਦਿਕ ਕਈ ਪੰਜਾਬੀ ਲੋਕ-ਗੀਤਾਂ ਦੀ ਤਰਜ਼ ਨੂੰ ਅਪਣਾ ਕੇ ਅਨੇਕ ਕਿਸਮ ਦੇ ਛੰਦਾਂ ਤੇ ਕਾਵਿ-ਰੂਪਾਂ ਵਿੱਚ ਬਾਣੀ ਲਿਖੀ । ਇਉਂ ਰਾਗ, ਕਵਿਤਾ ਤੇ ਅਧਿਆਤਮਕਤਾ ਦੇ ਮੇਲ ਨੇ ਗੁਰਬਾਣੀ ਨੂੰ ਵਧੇਰੇ ਸੁਹਜਵਾਨ, ਬਲਵਾਨ ਤੇ ਪ੍ਰਭਾਵਸ਼ਾਲੀ ਬਣਾਇਆ ਹੈ ।

ਗੁਰੂ ਗ੍ਰੰਥ ਸਾਹਿਬ ਦੀ ਬੋਲੀ ਪੰਜਾਬੀ ਹਿੰਦੀ ਮਿਲੀ-ਜੁਲੀ ਸੰਤ-ਭਾਸ਼ਾ ਹੈ, ਕਿਤੇ-ਕਿਤੇ ਗਾਥਾ, ਸੰਸਕ੍ਰਿਤ, ਫ਼ਾਰਸੀ ਅਤੇ ਹੋਰ ਪ੍ਰਾਂਤਕ ਭਾਸ਼ਾਵਾਂ ਦਾ ਰੰਗ ਵੀ ਹੈ । ਮਿ. ਟਰੰਪ , ਗੁਰੂ ਗ੍ਰੰਥ ਨੂੰ ਭਾਰਤੀ ਜ਼ਬਾਨਾਂ ਦਾ ਖਜ਼ਾਨਾ ਕਹਿੰਦਾ ਹੈ । ਇਸ ਸੰਤ-ਬਾਣੀ ਦੀ ਭਾਸ਼ਈ ਵਿਸ਼ੇਸ਼ਤਾ ਇਹ ਹੈ, ਜਿਤਨੀ ਇਹ ਉਪਰੋਂ ਸਰਲ ਸਾਦੀ ਹੈ, ਉਤਨੀ ਹੀ ਇਹ ਭਾਵ-ਪੂਰਤ ਤੇ ਜੀਵਨ ਦੀਆਂ ਗਹਿਰਾਈਆਂ ਨੂੰ ਛੂਹਣ ਵਾਲੀ ਹੈ । ਇਸ ਦੀ ਇਹ ਗਹਿਰਾਈ ਦਿਮਾਗੀ ਫਿਲਾਸਫਰਾਂ ਵਾਲੀ ਨਹੀਂ ਤੇ ਨਾ ਹੀ ਇਸ ਦੀ ਸਾਦਗੀ ਕਿਸੇ ਗਰੀਬੀ ਦੀ ਨਿਸ਼ਾਨੀ ਹੈ । ਸਗੋਂ ਇਹ ਤਾਂ ਸਾਹਿਤਿਕ ਸੁਹਜ-ਸੁਆਦ ਨਾਲ ਵੀ ਲਬਾਲਬ ਭਰਪੂਰ ਹੈ । ਇਹ ਰਾਮ-ਵਿਯੋਗੀਆਂ ਦੀ ਤੜਪਾਂ ਭਰੀ ਝੀਣੀ ਬਾਣ ਹੈ, ਜਿਸ ਵਿੱਚ ਫਰੀਦ ਵਰਗੇ ਤਪਸੀ, ਪਿੰਜਰ ਸਰੀਰ ਕਰ ਕਰਾ ਕੇ ਵੀ ਪਿਰ ਦੇਖਣ ਕੀ ਆਸ' ਰੱਖਦੇ ਹਨ । ਕਿਧਰੇ ਦੁਨੀਆਂ ਨੂੰ ਜਗਾਉਣ ਆਏ ਗੁਰੂ ਨਾਨਕ ਸੁਭਾਗੀ ਨੀਂਦ ਦੀ ਤਲਾਸ਼ ਕਰਦੇ ਤੇ ਕਿਧਰੇ ਗੁਰੂ ਅਰਜਨ ਵਰਗੇ ਸ਼ਾਂਤੀ-ਪੁੰਜ

ਮਹਾਂਪੁਰਸ਼ ਸਜਣ ਨੂੰ ਉਡ ਕੇ ਮਿਲਣ ਲਈ ਤਨ ਵੇਚ ਕੇ ਖੰਭ ਖਰੀਦਣ ਦੀ ਲਾਲਸਾ ਰੱਖਦੇ ਹਨ।

ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਪੱਖ ਬਹੁਤ ਲਾਸਾਨੀ ਹੈ ਪ੍ਰੀਤਮ ਦੇ ਬ੍ਰਿਹੁ ਵਿੱਚ ਹੀ ਕੋਇਲਾਂ ਸੜ ਸੜ ਕੇ ਕਾਲੀਆਂ ਦੀ ਸਿੱਕ-ਭਰੀ, ਸੱਦ, ਮੁੰਧਾਂ ਦੀਆਂ ਜੋਬਨ-ਉਮੰਗਾਂ, ਰੁਤਾਂ ਦੀ ਰੰਗਲੀ ਛਹਿਬਰ, ਕੁਦਰਤ ਦਾ ਅਨੂਪਮ ਦ੍ਰਿਸ਼ ਭਗਤਾਂ ਦੀ ਭਿੰਨੜੀ ਰੈਣ, ਗੁਰੂ ਦਰਸ਼ਨ ਦੀ ਝਲਕ ਤੇ ਹੋਰ ਪੁਰਾਣੀਆਂ ਮਿਥਿਹਾਸਕ ਕਹਾਣੀਆਂ ਦੀਆਂ ਨਵੇਂ ਰੰਗ ਵਿੱਚ ਦਿੱਤੀਆਂ ਮਿਸਾਲਾਂ ਇੱਕ ਅਜਬ ਰੰਗ ਪੈਦਾ ਕਰ ਦਿੰਦੀਆਂ ਹਨ। ਅਗਰ ਇਸ ਬਾਣੀ ਨੂੰ ਕੋਈ ਗੁਰੂ ਮੰਨ ਕੇ ਵੀ ਨਾ ਪੜ੍ਹਦਾ ਹੋਵੇ, ਉਸ ਨੂੰ ਇਸ ਦੇ ਸਾਹਿਤਕ ਸੁਆਦ ਅੱਗੇ ਹੀ ਸਿਰ ਝੁਕਾਉਣਾ ਪਵੇਗਾ ਤੇ ਇਸ ਨੂੰ ਗੁਰੂ ਮੰਨਣਾ ਹੀ ਹੋਵੇਗਾ। ਇਹ ਇੱਕ ਤਰ੍ਹਾਂ ਭਾਰਤ ਦੀ ਮੱਧਕਾਲੀਨ ਸੱਭਿਅਤਾ ਦਾ ਮਹਾਨ ਕੋਸ਼ ਹੈ, ਪੰਜ ਸੱਤ ਸਦੀਆਂ ਦੀ ਅੰਤਰੰਗ ਇਤਿਹਾਸਕ ਚਿਤ੍ਰਾਵਲੀ ਹੈ, ਜੈਸੀ ਕਿ ਹੋਰ ਕਿਤੇ ਵੀ ਅਜਿਹੇ ਸੱਚੇ ਰੂਪ ਵਿੱਚ ਪ੍ਰਾਪਤ ਨਹੀਂ।

ਜੇ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਧਾਰਮਿਕ ਦ੍ਰਿਸ਼ਟੀਕੋਣ ਤੋਂ ਵਿਚਾਰੀਏ ਤਾਂ ਇਸ ਦੀ ਮਹਾਨਤਾ ਬਹੁਤ ਵਧੀਕ ਹੈ। ਸੰਸਾਰ ਦਾ ਇਹ ਪਹਿਲਾ ਮਹਾਨ ਗ੍ਰੰਥ ਹੈ। ਹੈ ਜਿਸ ਵਿੱਚ ਤਮਾਮ ਦੇਸ਼, ਨਸਲ ਦੀਆਂ ਵਿਥਾਂ ਨੂੰ ਮੇਟ ਕੇ ਹਰ ਹਿੰਦੂ ਮੁਸਲਮਾਨ ਤੇ ਅਛੂਤ ਤੇ ਪਵਿੱਤਰ ਰੂਹਾਨੀ ਬਚਨਾਂ ਨੂੰ ਇਕੱਤਰ ਕਰਕੇ ਸਮਾਨ ਸਤਿਕਾਰ ਦਿੱਤਾ ਗਿਆ ਹੈ। ਇਸੇ ਕਰਕੇ ਇਸ ਨੂੰ ਪਹਿਲੀ ਪਵਿੱਤਰ ਪੁਸਤਕ ਯਾਅਨੀ 'ਆਦਿ ਗ੍ਰੰਥ' ਆਖਿਆ ਗਿਆ ਹੈ। ਦੂਸਰੇ ਇਸ ਦੀ ਨਿਰੋਲਤਾ ਦਾ ਸਬੂਤ ਇਹ ਹੈ ਕਿ ਜਿੱਥੇ ਹਜ਼ਰਤ ਮੂਸਾ, ਸੰਤ ਜ਼ਰਦੁਸ਼ਤ, ਮ. ਬੁਧ, ਕਨਫਿਊਸਸ, ਹਜ਼ਰਤ ਈਸਾ ਤੇ ਹਜ਼ਰਤ ਮਹੁੰਮਦ ਸਾਹਿਬ ਦਾ ਇਲਾਹੀ ਕਲਾਮ ਉਨ੍ਹਾਂ ਤੋਂ ਢੇਰ ਚਿਰ ਬਾਅਦ ਦੂਸਰਿਆਂ ਹੱਥੀਂ ਸੰਪਾਦਿਤ ਹੋਇਆ, ਉਥੇ ਸਿੱਖ ਗੁਰੂਆਂ ਆਪ ਜੀਉਂਦੇ ਜੀ ਹੀ ਆਪਣੇ ਹੱਥੀਂ ਬੜੀਆਂ ਘਾਲਾਂ ਨਾਲ ਇਸ ਕੁੰਦਨ ਸਚਾਈ ਨੂੰ ਇਕੱਤਰ ਕੀਤਾ ਮਿ. ਮੈਕਾਲਫ ਨੇ ਵੀ ਇਸ ਗੱਲ ਦੀ ਹਾਮੀ ਭਰੀ ਹੈ।

ਤੀਸਰੇ, ਸੰਸਾਰ ਦੇ ਕਈ ਪੁਰਾਣੇ ਧਾਰਮਿਕ ਗ੍ਰੰਥ ਅੰਧਵਿਸ਼ਵਾਸ਼ ਯੁਗ ਦੇ ਬੇਜਾਨ ਕਰਮ ਕਾਂਡ ਤੇ ਫਾਲਤੂ ਕਿੱਸੇ-ਕਹਾਣੀਆਂ ਨਾਲ ਭਰੇ ਪਏ ਹਨ। ਪਰ ਗੁਰੂ ਗ੍ਰੰਥ ਸਾਹਿਬ ਵਿੱਚ ਅਜਿਹੀਆਂ ਗੱਲਾਂ ਨੂੰ ਕੋਈ ਥਾਂ ਨਹੀਂ ਦਿੱਤੀ ਗਈ, ਕੇਵਲ ਜੀਵਨ-ਸਿਧਾਂਤਾਂ ਤੇ ਹੀ ਵਿਚਾਰ ਕੀਤੀ ਗਈ ਹੈ। ਚੌਥੇ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦੱਸਿਆ, ਜੀਵਨ-ਨਜ਼ਰੀਆਂ ਹੈ, ਉਹ ਸਭ ਤੋਂ ਵਧੇਰੇ ਮਹੱਤਤਾ ਵਾਲੀ ਚੀਜ਼ ਹੈ ਜਿਸ ਕਰਕੇ ਅਸੀਂ ਇਸ ਨੂੰ 'ਗੁਰੂ' ਮੰਨਦੇ ਹਾਂ। ਸੰਸਾਰ ਦੀ ਕੋਈ ਧਰਮ-ਪੋਥੀ ਹਜ਼ਾਰਾਂ ਵਰ੍ਹੇ ਪੁਰਾਣੇ ਫਜ਼ੂਲ ਕਰਮਕਾਂਡਾਂ ਤੇ ਜ਼ੋਰ ਦਿੰਦੀ ਹੈ, ਕੋਈ ਇਸ ਜੀਵਨ ਨਾਟਕ ਵਿੱਚੋਂ ਭੱਜ ਜਾਣ ਦਾ ਉਪਦੇਸ਼ ਦੱਸਦੀ ਹੈ, ਕੁਛ ਕਿਤਾਬਾਂ ਦਿਮਾਗ਼ੀ ਘੁੰਤਰਬਾਜ਼ੀ ਦੇ ਜਾਲ ਵਿੱਚ ਫਸਾਉਂਦੀਆਂ ਤੇ ਵਾਧੂ ਹੀ ਕਲਪਤ ਦੁਨੀਆਂ ਦੀਆਂ ਹਵਾਈ ਕਹਾਣੀਆਂ ਸੁਣਾ ਕੇ ਦਿਲ ਲਲਚਾਉਂਦੀਆਂ ਹਨ ਪਰ ਗੁਰੂ ਗ੍ਰੰਥ ਸਾਹਿਬ ਵਿੱਚ ਅਜਿਹੀ ਕੋਈ ਗੱਲ ਨਹੀਂ। ਨਾ ਇਥੇ ਨਿਰੀ ਦਿਮਾਗੀ ਗਿਆਨ ਬਾਜ਼ੀ ਹੈ ਤੇ ਨਾ ਹੀ ਅੰਧ-ਵਿਸ਼ਵਾਸ਼ੀ ਕਰਮਾਂ ਦੀ ਪਰੇਰਨਾ। ਨਾ ਜੋਗੀਆਂ ਵਾਂਙ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨਿਰੀ ਅੰਤਰ-ਮੁਖੀ ਹੈ ਤੇ ਨਾ ਹੀ ਪਦਾਰਥਵਾਦੀਆਂ ਵਾਂਙ ਬਾਹਰਮੁਖੀ। ਇਸ ਵਿੱਚ ਹਿੰਦੂਆਂ, ਮੁਸਲਮਾਨਾਂ, ਜੋਗੀਆਂ, ਵੈਰਾਗੀਆਂ, ਸੰਨਿਆਸੀਆਂ ਆਦਿ ਤੇ ਤਮਾਮ ਭੁਲੇਖਿਆਂ, ਵਹਿਮਾਂ, ਔਖਾ ਤੇ ਗ਼ਲਤੀਆਂ ਨੂੰ ਸੋਧ ਕੇ ਨਵਾਂ ਜੀਵਨ-ਸਿਧਾਂਤ ਦਰਸਾਇਆ ਗਿਆ ਹੈ, ਜੋ ਸਮਾਜ ਵਿੱਚ ਰਹਿੰਦਿਆਂ ਸਮਾਜਿਕ ਜੀਵਨੀ ਜੀਉਂਦਿਆਂ ਹੀ ਪਰਮਾਨੰਦ ਦਾ ਮਾਰਗ ਦਰਸਾਉਂਦਾ ਹੈ ਬਾਕੀ ਅਧਿਆਤਮਕ ਸਾਹਿਤ ਨਾਲੋਂ ਇਹੋ ਇਸ ਦੀ ਵੱਖਰੀ ਵਿਸ਼ੇ

ਸ਼ਤਾ ਹੈ । ਭਗਤੀ ਲਹਿਰ ਨੂੰ ਸਮਾਜਿਕ ਕ੍ਰਾਂਤੀ ਵਿੱਚ ਰੰਗ ਕੇ ਪੇਸ਼ ਕਰਨਾ ਹੀ ਗੁਰੂਆਂ ਦਾ ਗੌਰਵ ਸੀ । ਗੁਰਬਾਣੀ ਦਾ ਮਜ਼ਮੂਨ ਹੈ, ਸਚ-1 ਸੱਚ ਦਾ ਸਹੀ ਰੂਪ, 2- ਸੱਚ ਦੀ ਪਰਾਪਤੀ ਦੇ ਸਾਧਨ, 3- ਜਿਨ੍ਹਾਂ ਪ੍ਰਾਪਤ ਕਰ ਲਿਆ ਤੇ 4- ਜਿਨ੍ਹਾਂ ਨਹੀ ਪ੍ਰਾਪਤ ਕੀਤਾ । ਇਨ੍ਹਾਂ ਚਹੁੰਆਂ ਦੀ ਖੋਲ੍ਹ ਕੇ ਵਿਆਖਿਆ ਕੀਤੀ ਗਈ ਹੈ । ਫਿਲਾਸਫੀ ਜਿਸ ਨੂੰ ਸਚਾਈ ਕਹਿੰਦੀ ਹੈ, ਉਸ ਨੂੰ ਸੰਤ 'ਨਾਮ' ਕਹਿੰਦੇ ਹਨ । ਨਾਮ ਸੱਚ ਦਾ ਹੀ ਵਿਸਮਾਦੀ ਰੂਪ ਹੈ, ਇਸੇ ਨਾਮ ਦੀ ਵਿਚਾਰ ਗੁਰਬਾਣੀ ਹੈ । ਇਸ ਸਚਾਈ ਯਾ ਨਾਮ ਦੀ ਤਾਰੀਫ ਹੈ ਕਿ ਉਹ ਹੈ, ਸਦਾ ਹੈ, ਤੇ ਉਹੋ ਸਭ ਦਾ ਖਸਮ-ਸੱਚ ਸਾਡੇ ਸਾਰੇ ਰੋਗਾਂ ਦਾ ਦਾਰੂ ਹੈ ।

**ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ।** (ਮਹਲਾ ੩)

**ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ।** (ਮਹਲਾ ੧)

ਪਰੰਤੂ ਅਸੀਂ ਕੂੜੀ ਮਾਇਆ ਦੇ ਭੁਲੇਖੇ ਵਿੱਚ ਆ ਕੇ ਉਸ ਮਹਾਨ ਸੱਚ ਨੂੰ ਵਿਸਾਰ ਬੈਠੇ ਹਾਂ ਤੇ ਹਉਮੈ ਦੇ ਦੀਰਘ ਰੋਗ ਨਾਲ ਬੀਮਾਰ ਹੋ ਗਏ ਹਾਂ ਮਾਇਆ ਦੀ ਤਾਰੀਫ ਹੀ ਇਹ ਹੈ ਜੋ ਸੱਚ ਤੋਂ ਭੁਲਾ ਤੇ ਮੋਹ ਵਿੱਚ ਫਸਾਕੇ ਦ੍ਵੈਤਭਾਵ ਵਿੱਚ ਲਾ ਦੇਵੇ, ਇਹ ਗ਼ੈਰਕੁਦਰਤੀ ਜੀਵਨ ਹੈ । ਜੇ ਅਸੀਂ ਗੁਰੂ ਸ਼ਰਣ ਆ ਕੇ ਗੁਰ ਸ਼ਬਦ ਸੁਣੀਏ ਤਾਂ ਸਾਨੂੰ ਸਪੱਸ਼ਟ ਮਾਰਗ ਦਿਸ ਸਕਦਾ ਹੈ ਤੇ ਅਸੀਂ ਮੁੜ ਪਹਿਲਾ ਕੁਦਰਤੀ ਜੀਵਨ (ਸਹਿਜ ਪਦ) ਹਾਸਲ ਕਰ ਸਕਦੇ ਹਾਂ । ਇਸ ਅਵਸਥਾ ਨੂੰ ਗੁਰਬਾਣੀ ਵਿੱਚ ਅਮਰਪਦ, ਪਰਮਪਦ, ਸਹਿਜ-ਪਦ, ਚਉਥਾਪਦ, ਨਿਰਬਾਣ ਪਦ, ਬੇਗਮਪੁਰ ਤੇ ਸਚਖੰਡ ਆਦਿ ਸ਼ਬਦਾਂ ਨਾਲ ਵੀ ਵਰਨਿਆਂ ਗਿਆ ਹੈ । ਜੋ ਹਉਮੈ ਛੱਡ, ਨਾਮ-ਪਰਾਇਣ ਹੋ ਇਸ ਜੀਵਨ-ਅਵਸਥਾ ਨੂੰ ਹਾਸਲ ਕਰ ਲੈਂਦਾ ਹੈ, ਉਹੋ ਸੱਚਾ ਗੁਰਮੁਖ, ਸੰਤ, ਸਿੱਖ ਤੇ ਬ੍ਰਹਮ ਗਿਆਨੀ ਹੈ । ਜੋ ਜੀਵ ਰੂਪੀ ਇਸਤਰੀ ਨਾਮ ਸਿਮਰਨ ਤੇ ਸੇਵਾ ਰਾਹੀਂ ਆਪਣੇ ਪ੍ਰੀਤਮ ਨੂੰ ਪ੍ਰਸੰਨ ਨਹੀਂ ਕਰ ਸਕਦੀ, ਉਹ ਨਾ ਸੁਚੱਜੀ, ਨਾ ਗੁਣਵਤੀ ਹੋ ਸਕਦੀ ਹੈ ਤੇ ਨਾ ਹੀ ਸੋਹਾਗਣ । ਅਜਿਹੀ ਕੁਚੱਜੀ ਨਿਰ ਗੁਣਵੰਤੀ ਜ਼ਿੰਦਗੀ ਰੰਡੇਪੇ ਦੇ ਦੁਹਾਗ ਦਾ ਜੀਵਨ ਹੀ ਗੁਜ਼ਾਰਦੀ ਹੈ । ਅਜਿਹੇ ਘਟੀਆ ਜੀਵਨ ਨੂੰ ਮਨਮੁਖ, ਸਾਕਤ, ਦੁਰਜਨ ਤੇ ਦੋਹਾਗਣੀ ਆਦਿਕ ਨਾਮਾਂ ਨਾਲ ਪੁਕਾਰ ਕੇ ਨਿੰਦਿਆ ਗਿਆ ਹੈ ।

ਗੁਰੂ ਗ੍ਰੰਥ ਸਾਹਿਬ ਵਿੱਚ ਸੰਪ੍ਰਦਾਈ ਤਾਲੀਮ ਲਈ ਵੀ ਕੋਈ ਗੁੰਜਾਇਸ਼ ਨਹੀਂ । ਇਥੇ ਤਾਂ ਅੱਲਾਹ,ਪਾਰਬ੍ਰਹਿਮ, ਰਾਮ-ਰਹੀਮ, ਵੇਦ-ਕਿਤੇਬ, ਪੁਰਾਨ-ਕੁਰਾਨ ਦਾ ਸਾਂਝਾ ਜ਼ਿਕਰ ਚਲਦਾ ਹੈ । ਗੁਰਬਾਣੀ ਦੀਆਂ ਦੱਸੀਆਂ ਆਰਤੀਆਂ ਨਿਮਾਜ਼ਾਂ ਵੀ ਅਪਣੀ ਕਿਸਮ ਦੀਆਂ ਹੀ ਹਨ ਜਿਸ ਦਾ ਹਰ ਕੋਈ ਭਾਈਵਾਲ ਹੋ ਸਕਦਾ ਹੈ । ਗੁਰਬਾਣੀ ਦੀ ਤਾਲੀਮ ਵਿਅਕਤੀਆਂ ਦੀ ਸੋਧ ਤੇ ਜ਼ਿਆਦਾ ਜ਼ੋਰ ਦੇਂਦੀ ਹੈ । ਸੋਧੀਆਂ ਵਿਅਕਤੀਆਂ ਹੀ ਚੰਗਾ ਸੋਹਣਾ ਸਮਾਜ ਬਣਾ ਸਕਦੀਆਂ ਹਨ । ਜਿਤਨਾ ਚਿਰ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਹੀ ਮੈਲ ਤੋਂ ਬਚ ਕੇ ਅਸੀਂ ਸਤ, ਸੰਤੋਖ, ਧੀਰਜ, ਨਿੰਮ੍ਰਤਾ, ਜਤ ਤੇ ਪਰਸਪਰ ਪਿਆਰ ਆਦਿਕ ਦੈਵੀ ਗੁਣਾਂ ਨਾਲ ਸੋਧੇ ਸ਼ਿੰਗਾਰੇ ਨਹੀਂ ਜਾਂਦੇ, ਉਤਨਾ ਚਿਰ ਕਿਵੇਂ ਚੰਗੇ ਸਮਾਜ ਦਾ ਢਾਂਚਾ ਬਣ ਸਕਦਾ ਹੈ । ਕੱਚੀਆਂ ਇੱਟਾਂ ਨਾਲ ਪੱਕੇ ਮਕਾਨ ਤਾਂ ਨਹੀਂ ਨਾ ਉਸਾਰੇ ਜਾ ਸਕਦੇ । ਇਸ ਲਈ ਪਹਿਲੇ ਜੀਵਨ ਦੀ ਹਰ ਇਕਾਈ ਦੀ ਸੁਧਾਈ ਤੇ ਪਕਿਆਈ ਦੀ ਲੋੜ ਹੈ । ਪਰ ਇਹ ਵਿਅਕਤੀਗਤ ਜੀਵਨ ਦੀ ਉਸਾਰੀ ਦੀ ਟਕਸਾਲ ਸੰਗਤ ਅਰਥਾਤ ਸਮੂਕ ਜੀਵਨ ਦੇ ਮੇਲਜੋਲ ਵਿੱਚ ਹੀ ਦੱਸੀ ਗਈ ਹੈ, ਪਲਾਇਨਵਾਦੀਆਂ ਵਾਂਙ ਜੰਗਲੀ ਏਕਾਂਤ ਵਿੱਚ ਨਹੀਂ

ਇਹ ਹੈ ਗੁਰਬਾਣੀ ਦੀ ਦੱਸੀ ਜੀਵਨ ਜਾਚ, ਜੋ ਗੁਰੂਆਂ ਬੜੀ ਮਨੋਵਿਗਿਆਨਕ ਛਾਣਬੀਣ ਤੋ

ਬਾਅਦ ਮਾਨਵਤਾ ਅੱਗੇ ਰੱਖੀ। ਇਸ ਜੀਵਨ-ਜਾਚ-ਭਰਪੂਰ ਸਿੱਖਿਆ ਹੋਣ ਕਰਕੇ ਹੀ ਗੁਰਬਾਣੀ ਨੂੰ ਗੁਰੂ ਕਿਹਾ ਗਿਆ ਹੈ ਤੇ ਦਸਮੇਸ਼ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਸਮੇਂ ਵੀ ਗੁਰੂ ਗ੍ਰੰਥ ਸਾਹਿਬ ਨੂੰ ਜੁਗੋ ਜੁੱਗ ਮੰਨਣ ਦਾ ਉਪਦੇਸ਼ ਦਿੱਤਾ ਹੈ :-

**ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥**
**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ।'**

ਗੁਰੂ ਆਪ ਇਸ ਨੂੰ ਆਪਣਾ ਗੁਰੂ ਮੰਨਦੇ ਸਨ। ਇਹ ਇਕ ਰੂਹਾਨੀਅਤ ਦਾ ਰਸ-ਭਰਪੂਰ ਨਖੇੜਵਾਂ ਮੁਤਾਲਿਆ ਤੇ ਅਨੁਭਵੀ ਪ੍ਰਕਾਸ਼ ਹੈ। ਇਸ ਦੀ ਰੋਸ਼ਨੀ ਵਿੱਚ ਹੀ ਅਸੀਂ ਸੱਚ ਦੀ ਪਛਾਣ ਕਰ ਸਕਦੇ ਹਾਂ। ਆਤਮਾ ਯਾ ਰੂਹ ਹੀ ਸੱਚ ਹੈ ਬਾਕੀ ਤੇ ਸਭ ਕੁਝ ਨਾਸ਼ ਹੋਣ ਵਾਲਾ ਹੈ। ਇਹ ਆਤਮਾ ਉਸ ਨਿਰੰਕਾਰੀ ਜੋਤ ਦੀ ਅੰਸ਼ ਹੈ, ਇਸ ਲਈ ਇਹ ਰੂਹਾਨੀ, ਗਿਆਨ ਹੀ ਗੁਰਬਾਣੀ ਤੇ ਸਭ ਦਾ ਗੁਰੂ ਹੈ। ਅਸਲੀਅਤ ਇਹ ਹੈ ਕਿ ਗੁਰੂਆਂ ਦੀ ਆਤਮਾ ਉਸ ਪਰਮਸੱਚ ਨਾਲ ਇਕਮਿਕ ਹੋ ਕੇ ਹੀ ਇਸ ਧੁਰ ਦੀ ਬਾਣੀ ਨੂੰ ਸ਼ਬਦ ਰੂਪ ਵਿੱਚ ਲਿਆਉਂਦੀ, ਉਹੋ ਰੱਬੀ ਹੁਕਮ ਹੀ ਸ਼ਬਦ ਰੂਪ ਵਿੱਚ ਆ ਕੇ ਗੁਰਬਾਣੀ ਦੇ ਨਾਮ ਨਾਲ ਯਾਦ ਕੀਤਾ ਗਿਆ। ਇਸ ਸਾਰੇ ਸਿਧਾਂਤ ਨੂੰ ਸਮਝਣ ਲਈ ਇਨ੍ਹਾਂ ਤੁਕਾਂ ਦਾ ਪਾਠ ਤੇ ਵੀਚਾਰ ਜਰੂਰੀ ਹੈ।

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥** (ਮਹਲਾ 1)
ਹਉ ਆਪਹੁ ਬੋਲਿ ਨਾ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥ (ਮਹਲਾ 5)
ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗ ਬਉਰਾਨੰ ॥ (ਮਹਲਾ 1)
ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ ॥ (ਮਹਲਾ 3)
**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੇ ਪਰਤਖਿ ਗੁਰੂ ਨਿਸਤਾਰੇ ॥**
**ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰ ਮੁਕਤਿ ਜਨਾਵੈਗੋ ॥** (ਮਹਲਾ ੫)
**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥** (ਮਹਲਾ ੫)
**ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥** (ਮਹਲਾ ੫)
**ਭਗਤ ਭੰਡਾਰ ਗੁਰਬਾਣੀ ਲਾਲ । ਗਾਵਤ ਸੁਣਤ ਕਮਾਵਤ ਨਿਹਾਲ ॥** (ਮਹਲਾ ੫)

ਸੋ ਗੁਰਬਾਣੀ ਜ਼ਿੰਦਗੀ ਦਾ ਉਹ ਅੰਮ੍ਰਿਤ ਭੋਜਨ ਹੈ, ਜਿਸ ਤੋਂ ਮਨੁੱਖਤਾ ਸਦੈਵੀ ਤ੍ਰਿਪਤੀ ਹਾਸਲ ਕਰ ਸਕਦੀ ਹੈ। ਜੋ ਸਚਾਈ ਦਾ ਤਾਂਘੀ ਇਸ ਨੂੰ ਭੁੰਚੇਗਾ ਉਹ ਆਤਮਕ ਸ਼ਾਂਤੀ ਹਾਸਲ ਕਰੇਗਾ ਤੇ ਇਸ ਅੰਧੇਰੇ ਸੰਸਾਰ ਵਿੱਚ ਨੂਰ ਪ੍ਰਾਪਤ ਕਰਕੇ ਉਸ ਮਹਾਨ ਸਚਾਈ ਦੀ ਵਿਆਪਕਤਾ ਨੂੰ ਅਨੁਭਵ ਕਰ ਸਕੇਗਾ ਤੇ ਸੱਚ ਦੀ ਪ੍ਰਾਪਤੀ ਕਰਕੇ ਸਚਿਆਰ ਹੋਣਾ ਹੀ ਸਾਡਾ ਜੀਵਨ-ਮਨੋਰਥ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਇਸੇ ਵਿਸ਼ੇਸ਼ਤਾ ਨੂੰ ਪ੍ਰਗਟ ਕਰਦਿਆਂ ਅੰਤ ਵਿੱਚ ਫੁਰਮਾਇਆ ਹੈ -

**ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥**
**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥**
**ਜੇ ਕੋ ਖਾਵੈ ਜੋ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥**
**ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥**
**ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥**

# ਇਨਕਲਾਬੀ ਯੋਧਾ

-ਰਘਬੀਰ ਸਿੰਘ ਬੀਰ

ਜੇਕਰ ਗੁਰੂ ਗੋਬਿੰਦ ਸਿੰਘ ਜੀ ਮਹਾਰਜ ਦੀ ਉਮਰ ਕਿਤੇ ਗੁਰੂ ਅਮਰ ਦਾਸ ਜੀ ਜਾਂ ਗੁਰੂ ਨਾਨਕ ਦੇਵ ਜੇਡੀ ਹੁੰਦੀ ਤਾਂ ਅੱਜ ਹਿੰਦੁਸਤਾਨ ਦਾ ਰਾਜਸੀ ਨਕਸ਼ਾ ਹੋਰ ਦਾ ਹੋਰ ਹੋਣਾ ਸੀ । ਕਹਿੰਦੇ ਹਨ ਗੁਰੂ ਗੋਬਿੰਦ ਸਿੰਘ ਜੀ 42 ਸਾਲ ਦੀ ਉਮਰ ਵਿੱਚ ਹੀ ਪ੍ਰਲੋਕ ਗਮਨ ਕਰ ਗਏ ਪਰ ਸਿੱਖਾਂ ਦੇ ਜੀਵਨ ਵਿੱਚ ਅਤੇ ਉਸ ਵਕਤ ਦੇ ਹਿੰਦੁਸਤਾਨ ਦੇ ਰਾਜਸੀ ਮੰਡਲ ਵਿੱਚ ਜੋ ਹਜ਼ੂਰ ਨੇ ਇਸ ਥੋੜ੍ਹੀ ਜਿਹੀ ਉਮਰ ਵਿੱਚ ਇਨਕਲਾਬ ਲਿਆਂਦਾ ਅੱਜ ਬੜ੍ਹੇ-ਬੜ੍ਹੇ ਸਿਆਣਿਆਂ ਦੀ ਅਕਲ ਨੂੰ ਚਕ੍ਰਿਤ ਕਰ ਰਿਹਾ ਹੈ।

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਬਚਪਨ ਤੋਂ ਹੀ ਆਮ ਬੱਚਿਆਂ ਨਾਲੋਂ ਅਲਹਿਦਾ ਤੇ ਅਨੋਖੀ ਤਬੀਅਤ ਦੇ ਮਾਲਕ ਸਨ ਅਤੇ ਗੁਰੂ ਤੇਗ ਬਹਾਦਰ ਜਿਹੇ ਪੂਰਨ ਮਹਾਤਮਾ ਨੂੰ ਆਪ ਦੇ ਇੱਕ ਛੋਟੇ ਜਿਹੇ ਬਚਨ ਤੋਂ ਹੀ ਆਪ ਦੀ ਆਉਣ ਵਾਲੀ ਬਜ਼ੁਰਗੀ, ਦੜ੍ਰਿਤਾ, ਨਿਰਭੈਤਾ ਤੇ ਕੁਰਬਾਨੀ ਵਾਲੀ ਜ਼ਿੰਦਗੀ ਦਾ ਫੋਟੋ ਨਜ਼ਰ ਆਗਿਆ ਸੀ। ਨੌਂ ਸਾਲ ਦੇ ਬੱਚੇ ਦੇ ਮੁੱਖ ਤੋਂ ਇਹ ਬਚਨ ਸੁਣਕੇ, 'ਪਿਤਾ ਜੀ ਆਪ ਤੋਂ ਵੱਧ ਕਿਹੜਾ ਮਹਾਂ ਪੁਰਖ ਹੈ ਜੋ ਅਪਣਾ ਸਿਰ ਦੇ ਕੇ ਹਿੰਦੂ ਧਰਮ ਨੂੰ ਬਚਾਏ ਜਿਥੇ ਸਾਰੀ ਸਭਾ ਵਿੱਚ ਬੈਠੇ ਗੁਰਸਿੱਖਾਂ ਅਤੇ ਕਸ਼ਮੀਰ ਤੋਂ ਆਏ ਪੰਡਤਾਂ ਦਾ ਦਿਲ ਦਹਿਲ ਗਿਆ ਉਥੇ ਗੁਰੂ ਤੇਗ ਬਹਾਦਰ ਵਰਗੀ ਉਚੀ ਆਤਮਾ ਨੂੰ ਅਪਣੇ ਸਪੁੱਤਰ ਵਿੱਚ, ਉਸ ਨੌਂ ਸਾਲ ਦੀ ਆਯੂ ਵਿੱਚ ਆਪਣੇ ਬਾਦ ਗੁਰਿਆਈ ਸੰਭਾਲਨ ਕੌਮ ਦੀ ਅਗਵਾਈ ਦੇ ਬੀਜ ਨਜ਼ਰ ਆਏ ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸੁਭਾ ਵਿੱਚ ਸ਼ੁਰੂ ਤੋਂ ਹੀ ਇਹ ਖਾਸੀਅਤ ਸੀ ਕਿ ਆਪ ਆਲੇ-ਦੁਆਲੇ ਦੇ ਹਾਲਾਤ ਦੇ ਅਸਰ ਹੇਠ ਆ ਕੇ ਕਦੀ ਕੋਈ ਕੰਮ ਨਹੀਂ ਸਨ ਕਰਦੇ ਸਗੋਂ ਅਪਣੇ ਆਲੇ-ਦੁਆਲੇ ਅੰਦਰੋਂ ਆ ਰਹੀ ਆਤਮਿਕ ਰਹਿਨਮਾਈ ਦੀ ਰੋਸ਼ਨੀ ਅਨੁਸਰ ਆਪਣੇ ਆਲੇ-ਦੁਆਲੇ ਨੂੰ ਢਾਲਦੇ ਤੇ ਤਰਤੀਬ ਦਿੰਦੇ ਸਨ । ਸਚੇ ਮਹਾਂਪੁਰਖਾਂ ਦੀ ਵੱਡੀ ਨਿਸ਼ਾਨੀ ਇਹੋ ਹੁੰਦੀ ਹੈ ਕਿ ਉਹ ਆਲੇ-ਦੁਆਲੇ ਦੇ ਅਸਰ ਹੇਠ ਦਬਦੇ ਨਹੀਂ ਸਗੋਂ ਉਸ ਤੇ ਕਾਬੂ ਪਾ ਕੇ ਆਪਣੇ ਆਲੇ ਨੂੰ ਆਪਣੇ ਖਿਆਲ ਦੇ ਮੁਤਾਬਿਕ ਘੜਦੇ ਹਨ ।

ਗੁਰੂ ਗੋਬਿੰਦ ਸਿੰਘ ਜੀ ਨੂੰ ਬਚਪਨ ਵਿੱਚ ਹੀ ਇਹ ਸੂਝ ਸੀ ਕਿ ਪਿਤਾ ਦੀ ਸ਼ਹੀਦੀ ਮਗਰੋਂ ਮਾਮਲੇ ਨੇ ਖਤਮ ਨਹੀਂ ਹੋ ਜਾਣਾ ਸਗੋਂ ਧਰਮ ਤੇ ਜ਼ੁਲਮ ਦੀ ਛਿੰਝ ਸ਼ੁਰੂ ਹੋਣੀ ਹੈ। ਪਿਤਾ ਦੇ ਸੀਸ ਨੂੰ ਰੰਗਰੇਟੇ ਪਾਸੋਂ ਲੈ ਕੇ ਅਤੇ ਉਸ ਰੰਗਰੇਟੇ ਨੂੰ 'ਗੁਰੂ ਕੇ ਬੇਟੇ' ਆਖਕੇ ਇਸ ਇਨਕਲਾਬੀ ਬਾਲਕ ਨੇ ਦੁਨੀਆਂ ਦੇ ਬੱਚਿਆਂ ਵਾਂਗਰ ਆਪਣੇ ਆਪ ਨੂੰ ਯਤੀਮ ਤੇ ਬੇ-ਸਹਾਰਾ ਨਹੀਂ ਸਮਝਿਆ ਸਗੋਂ ਪਿਤਾ ਦੀ ਸ਼ਹਾਦਤ ਦੀ ਸਪਿਰਟ ਨੂੰ ਆਪਣੇ ਦਿਲ ਵਿੱਚ, ਆਪਣੇ ਦਿਮਾਗ ਵਿੱਚ ਅਤੇ ਖ਼ੂਨ ਦੇ ਕਤਰੇ-ਕਤਰੇ ਵਿੱਚ ਪਰਵੇਸ਼ ਕਰਾਕੇ, ਉਸ ਰੱਬੀ ਜੋਤ ਨੂੰ ਸਦਾ ਅਪਣੇ ਅੰਗ ਸੰਗ ਸਮਝਕੇ ਸਾਰੀ ਉਮਰ ਖੁਦ ਵੀ ਕੁਰਬਾਨੀਆਂ ਕਰਨ ਵਿੱਚ ਗੁਜਾਰੀ ।

ਬਚਪਨ ਵਿੱਚ ਤੀਰ ਮਾਰ ਮਾਰਕੇ ਪਾਣੀ ਭਰਨ ਆਈਆਂ ਇਸਤਰੀਆਂ ਦੇ ਘੜੇ ਤੋੜਨੇ, ਜਮਨਾ ਵਿੱਚ ਸੋਨੇ ਦੇ ਕੜੇ ਨੂੰ ਸੁੱਟਕੇ ਮਾਤਾ ਦੇ ਪੁੱਛਣ ਤੇ ਕਿ ਕੜਾ ਕਿਥੇ ਗਵਾਇਆ ਹੈ ਉਸਦੀ ਉਂਗਲ ਫੜਕੇ ਜਮਨਾ ਦੇ ਕਿਨਾਰੇ ਲੈ ਜਾਣਾ ਤੇ ਦੂਸਰਾ ਕੜਾ ਹਥੋਂ ਉਤਾਰ ਜਮਨਾ ਵਿੱਚ ਸੁੱਟਕੇ ਆਖਣਾ ਕਿ ਮਾਤਾ ਜੀ ਪਹਿਲਾ ਕੜਾ ਵੀ ਇੱਥੇ ਗਵਾਇਆ

ਹੈ, ਪਿਤਾ ਨੂੰ ਸ਼ਹੀਦ ਹੋਣ ਵਾਸਤੇ ਪ੍ਰੇਰਨਾ ਪਿਤਾ ਦੇ ਸੀਸ ਨੂੰ ਰੰਗਰੇਟੇ ਤੋਂ ਲੈ ਕੇ ਚੁਮਨਾ ਅਤੇ ਸਾਰੇ ਪਰਿਵਾਰ ਦੇ ਸਿਰਾਂ ਨੂੰ ਰਾਹੇ ਹੱਕ ਤੇ ਲਗਾਨ ਦੀ ਦਿਲ ਵਿੱਚ ਠਾਨੀ, ਬੱਚੇ ਕੁਰਬਾਨ ਕਰਕੇ ਅਕਾਲ ਪੁਰਖ ਦਾ ਸ਼ੁਕਰ ਕਰਨਾ, ਐਸੇ ਕੰਮ ਸਨ ਜਿਨ੍ਹਾਂ ਨੂੰ ਦੇਖਦੇ ਇਸ਼ਨਾਨ ਤੇ ਇੱਕ ਪਾਸੇ, ਕਾਇਨਾਤ ਦਾ ਜ਼ੱਰਾ-ਜ਼ੱਰਾ ਪਿਆ ਆਖਦਾ ਸੀ ਕਿ ਇਹ ਪੁਰਸ਼ ਆਮ ਪੁਰਸ਼ਾਂ ਵਾਂਗਰ ਨਹੀਂ, ਇਸਦੀ ਗੱਲ-ਗੱਲ ਤੋਂ ਨਵੀਨਤਾ ਤੇ ਇਨਕਲਾਬ ਟਪਕਦਾ ਹੈ ।

ਪਿਤਾ ਦੀ ਸ਼ਹਾਦਤ ਮਗਰੋਂ ਜਦ ਮਾਤਾ ਗੁਜਰੀ ਜੀ ਨੇ ਅਤੇ ਮਾਮੇ ਕ੍ਰਿਪਾਲ ਚੰਦ ਅਤੇ ਹੋਰ ਖਾਨਦਾਨ ਦੇ ਬਜ਼ੁਰਗਾਂ ਅਤੇ ਸ਼ਰਧਾਲੂ ਸਿੱਖਾਂ ਨੇ ਦੇਖਿਆ ਕਿ ਕਲਗੀਧਰ ਸਿੱਖਾਂ ਵਿੱਚ ਜੰਗੀ ਸਪਿਰਟ ਦਾ ਖੁੱਲਮਖੁੱਲਾ ਪ੍ਰਚਾਰ ਕਰ ਰਹੇ ਹਨ ਤਾਂ ਸਭ ਨੇ ਆਪ ਨੂੰ ਸਮਝਾਉਨ ਦੀ ਕੋਸ਼ਿਸ਼ ਕੀਤੀ ਕਿ ਆਲੇ ਦੁਆਲੇ ਸਭ ਪਹਾੜੀ ਰਾਜੇ ਦੁਸ਼ਮਨ ਬਣੀ ਬੈਠੇ ਹਨ ਅਤੇ ਮੁਗਲਾਂ ਦੀ ਦੇਸ਼ ਵਿੱਚ ਸੌ ਸਾਲ ਤੋਂ ਕਾਇਮ ਹੋਈ ਪੱਕੀਆਂ ਨੀਹਾਂ ਵਾਲੀ ਤਾਕਤ ਹੈ, ਇਸਦਾ ਅਸੀਂ ਇਕੱਲੇ ਕਿਵੇਂ ਮੁਕਾਬਲਾ ਕਰ ਸਕਦੇ ਹਾਂ, ਤੁਸੀਂ ਆਪਣੇ ਇਰਾਦੇ ਤੋਂ ਬਾਜ ਆਵੋਂ । ਤਦ ਹਜ਼ੂਰ ਵਿਚੋਂ ਉਹੋ ਨਿਰਭੈਤਾ ਗਰਜ ਕੇ, ਬੋਲੀ ਜਿਸਨੇ ਪਿਤਾ ਨੂੰ ਸ਼ਹੀਦ ਹੋਣ ਵਾਸਤੇ ਪ੍ਰੇਰਿਆ ਸੀ ।

**ਸਵਾ ਲਾਖ ਸੇ ਏਕ ਲੜਾਊਂ ॥ ਚਿੜੀਓਂ ਸੇ ਮੈਂ ਬਾਜ ਤੜਾਊਂ ॥**
**ਤਬੀ ਗੋਬਿੰਦ ਸਿੰਘ ਨਾਮ ਰਖਾਊਂ ॥**

ਆਨੰਦਪੁਰ ਵਿੱਚ ਵਿਸਾਖੀ ਦਾ ਮਸ਼ਹੂਰ ਦੀਵਾਨ ਸਜਾਉਣਾ ਪੰਜਾਂ ਸਿਰਾਂ ਦੀ ਮੰਗ ਕਰਨੀ, ਜਾਤ-ਪਾਤ ਦੀ ਸਦੀਆਂ ਤੋਂ ਪ੍ਰਚਲਿਤ ਰਸਮ ਨੂੰ ਤੋੜਕੇ ਸਿਰਲੱਥ ਪੰਜਾਂ ਪਿਆਰਿਆਂ ਨੂੰ ਇਕੱਠੇ ਬਾਟੇ ਵਿੱਚ ਅੰਮ੍ਰਿਤ ਛਕਾਉਨਾ, ਅਤੇ ਆਖਣਾ ਤੁਹਾਡੀ ਅੱਜ ਤੋਂ ਮਾਤਾ ਸਾਹਿਬ ਦੇਵਾਂ ਅਤੇ ਪਿਤਾ ਗੁਰੂ ਗੋਬਿੰਦ ਸਿੰਘ ਹੈ, ਤੁਹਾਡਾ ਘਰ ਆਨੰਦਪੁਰ ਅਤੇ ਖਾਣਾ ਪੀਣਾ ਜਾਇਦਾਦ ਸਭ ਸਾਂਝੇ ਹਨ, ਤੁਹਾਡਾ ਜੀਵਨ ਬੰਦਗੀ ਤੇ ਪਰਉਪਕਾਰ ਅਤੇ ਆਦਰਸ਼ ਸਚਾਈ ਤੋਂ ਕੁਰਬਾਨ ਹੋਣਾ ਹੈ, ਖਾਲਸੇ ਨੂੰ ਇੱਕ ਪਾਸੇ ਗੁਟਕਾ ਤੇ ਦੂਸਰੇ ਪਾਸੇ ਕਿਰਪਾਨ ਪਹਿਨਣ ਦਾ ਉਪਦੇਸ਼ ਦੇਣਾ, ਨੀਚ ਤੇ ਅਛੂਤ ਜਾਤੀ ਦੇ ਕਾਇਰ ਲੋਕਾਂ ਵਿਚ ਸਵਾ ਲਖੀ ਸਪਿਰਟ ਭਰਨੀ, ਹਿੰਦੂ ਕੌਮ ਦੀ ਗੁਲਾਮੀ ਦੀ ਜ਼ੇਹਨੀਅਤ ਬਦਲਨੀ ਅਤੇ ਉਸ ਨੂੰ 'ਵਾਹਿਗੁਰੂ ਜੀ ਕੀ ਫਤਿਹ' ਆਖਣਾ ਸਿਖਾਉਣਾ ਹਜ਼ੂਰ ਦੀ ਜ਼ਿੰਦਗੀ ਦੇ ਐਸੇ ਵਾਕਿਆਤ ਹਨ ਜੋ ਕਿ ਆਪ ਨੂੰ ਮੁੱਢ ਤੋਂ ਅਖੀਰ ਤੱਕ ਐਸਾ ਇਨਕਲਾਬੀ ਯੋਧਾ ਸਿੱਧ ਕਰਦੇ ਹਨ, ਜਿਸਦੀ ਮਿਸਾਲ ਦੁਨੀਆਂ ਦੇ ਸਾਰੇ ਇਤਿਹਾਸ ਵਿੱਚ ਨਹੀਂ ਮਿਲਦੀ । ਉਂਝ ਤਾਂ ਆਪਦੀ ਹਰ ਬਾਤ, ਹਰ ਚਾਲ, ਨਵੀਨਤਾ ਭਰੀ ਹੁੰਦੀ ਸੀ, ਪਰ ਮੇਰੇ ਖਿਆਲ ਵਿੱਚ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਫੇਰ ਉਹਨਾਂ ਦੇ ਸਾਹਮਣੇ ਹੀ ਹੱਥ ਜੋੜ ਕੇ ਖਲੋ ਜਾਣਾ ਅਤੇ ਆਪਣੇ ਸ਼ਾਗਿਰਦਾਂ, ਆਪਣੇ ਸਿੱਖਾਂ ਪਾਸੋਂ ਅੰਮ੍ਰਿਤ ਛਕਣ ਦੀ ਦਰਖਾਸਤ ਕਰਨੀ ਇੱਕ ਐਸੀ ਨਵੀਂ ਤੇ ਅਜੀਬ ਗੱਲ ਸੀ, ਜਿਸਦੀ ਮਿਸਾਲ ਨਾ ਅੱਜ ਤੱਕ ਮਿਲੀ ਹੈ ਨਾ ਮਿਲੇਗੀ।

ਸਰਬ ਸਾਂਝੀਵਾਲਤਾ ਤੇ ਸਰਬ ਸਮਾਨਤਾ ਦੇ ਅਸੂਲ ਨੂੰ ਮੇਰੇ ਖਿਆਲ ਵਿੱਚ ਸਭ ਤੋਂ ਪਹਿਲੇ ਜਨਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਿਮਾਗ ਨੇ ਦਿੱਤਾ ਹੈ । ਮੌਜੂਦਾ ਸਾਂਝੀ-ਵਾਲਤਾ ਦਾ ਰੂਸ ਤੋਂ ਉਪਜਿਆ ਖਿਆਲ ਕਈ ਪਹਿਲੂਆਂ ਤੋਂ ਡਾਢਾ ਅਧੂਰਾ ਹੈ । ਇਸ ਵਿੱਚ ਨਾਸਤਕਤਾ ਦੀਆਂ ਰੁਚੀਆਂ ਹੋਣ ਕਰਕੇ ਇਹ ਕਦੀ ਇਨਸਾਨ ਦੀ ਬਹੁ ਗਿਣਤੀ ਨੂੰ ਸੰਤੁਸ਼ਟ ਨਹੀਂ ਕਰ ਸਕੇਗਾ, ਹੋਰ ਤੇ ਹੋਰ ਰੂਸ ਵਿੱਚ ਖੁਦ ਲੋਕਾਂ ਦੀਆਂ ਰੁਚੀਆਂ ਆਸਤਕਤਾ ਵੱਲ ਮੁੜ ਰਹੀਆਂ ਹਨ । ਸੰਸਾਰ ਦੇ ਭਵਿੱਖਤ ਦਾ ਸੁੱਖ, ਅਮਨ ਤੇ ਤਸੱਲੀ, ਸਾਹਿਬ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪ੍ਰਚਾਰ ਕੀਤੀ ਗਈ, ਆਸਤਕਤਾ

ਵਾਲੀ ਸਾਂਝੀਵਾਲਤਾ ਤੇ ਸਮਾਨਤਾ ਦੀ ਸਕੀਮ ਵਿੱਚ ਹੈ।

ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਉਪਦੇਸ਼ ਨੇ ਸਿਖਾਂ ਦੀ ਰਹਿਣੀ ਬਹਿਣੀ, ਪੁਸ਼ਾਕ, ਖ਼ੁਰਾਕ ਤੇ ਖਿਆਲਾਂ ਵਿੱਚ ਇਤਨਾ ਭਾਰਾ ਇਨਕਲਾਬ ਲਿਆਂਦਾ ਉਥੇ ਇੱਕ ਗੱਲ ਖਾਸ ਨੋਟ ਕਰਨ ਵਾਲੀ ਅਤੇ ਹਮੇਸ਼ਾਂ ਯਾਦ ਰੱਖਨ ਵਾਲੀ ਇਹ ਹੈ ਕਿ ਹਜ਼ੂਰ ਨੇ ਗੁਰੂ ਨਾਨਕ ਦੇਵ ਜੀ ਜਾਂ ਆਪਣੇ ਤੋਂ ਪਹਿਲੇ ਗੁਰੂਆਂ ਦੀ ਤਾਲੀਮ ਵਿੱਚ ਜਰਾ ਜਿਨ੍ਹਾਂ ਫਰਕ ਨਹੀਂ ਪੈਣ ਦਿਤਾ । ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦਾ ਸਿੱਖ, ਗੁਰੂ ਨਾਨਕ ਦੇਵ ਜੀ ਜਾਂ ਗੁਰੂ ਰਾਮਦਾਸ ਜੀ ਦੇ ਸਮੇਂ ਦੇ ਸਿੱਖਾਂ ਨਾਲੋਂ ਸ਼ਕਲ ਵਜਾਹ, ਪਹਿਰਾਵੇ ਅਤੇ ਰਹਿਤ ਬਹਿਤ ਵਿੱਚ ਬਿਲਕੁਲ ਵੱਖਰਾ ਤੇ ਨਵਾਂ ਜਾਪਦਾ ਸੀ ਪਰ ਉਸਦੀ ਧਾਰਮਿਕ ਜਾਂ ਆਤਮਿਕ ਤਾਲੀਮ ਬਿਲਕੁਲ ਉਹੀ ਸੀ ਜੋ ਪਹਿਲੀ ਜਾਂ ਪੰਜਵੀਂ ਪਾਤਸ਼ਾਹੀ ਦੇ ਵੇਲੇ ਦੇ ਸਿੱਖਾਂ ਦੀ ਸੀ । ਹਜ਼ੂਰ ਦੇ ਜੀਵਨ ਨੂੰ ਵਿਚਾਰਨ ਤੋਂ ਪਤਾ ਲੱਗੇਗਾ ਕਿ ਆਪਦਾ ਆਤਮਿਕ ਨੁਕਤਾ ਨਿਗਾਹ ਸੋਲਾਂ ਆਨੇ ਉਹੀ ਸੀ ਜੋ ਗੁਰੂ ਨਾਨਕ ਜਾਂ ਗੁਰੂ ਅਰਜਨ ਦੇਵ ਜੀ ਦਾ ਸੀ। ਆਪਣੇ ਸਾਰੀ ਤਬਦੀਲੀ ਸਾਰਾ ਇਨਕਲਾਬ ਸਿਖਾਂ ਦੇ ਬਾਹਰ ਦੇ ਜਾਂ ਜ਼ਾਹਿਰਾ ਜੀਵਨ ਵਿਚ ਕੀਤਾ । ਗੁਰੂ ਗੋਬਿੰਦ ਸਿੰਘ ਦੇ ਵੇਲੇ ਦਾ ਸਿੱਖ ਸਾਫਾ ਬੰਨ੍ਹਕੇ, ਕਛਹਿਰਾ ਪਹਿਨਕੇ, ਕੇਸ ਰੱਖਕੇ ਤੇ ਕਿਰਪਾਨ ਲਟਕਾਕੇ ਪਹਿਲੇ ਸਮੇਂ ਦੇ ਗੁਰ ਸਿੱਖਾਂ ਤੋਂ ਬਿਲਕੁਲ ਨਵਾਂ ਜਾਪਦਾ ਸੀ ਪਰ ਉਸਦੀ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਬਿਲਕੁਲ ਉਹੀ ਸੀ, ਜੋ ਪੁਰਾਤਨ ਸਿੱਖਾਂ ਦੀ ਸੀ । ਐਸਾ ਮਾਲੂਮ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕਿ ਇਨਕਲਾਬ ਦਾ ਸਰੂਪ ਸਮਝਨੇ ਚਾਹੀਦੇ ਹਨ, ਗੁਰੂ ਨਾਨਕ ਦੇ ਸਿੱਖ ਦੀ ਬਾਹਰਲੀ ਕਾਇਆ ਤਾਂ ਪਲਟ ਦਿੱਤੀ, ਉਸ ਨੂੰ ਗਿੱਦੜ ਤੋਂ ਸ਼ੇਰ ਬਣਾ ਦਿੱਤਾ, ਉਸ ਵਿੱਚ ਸਵਾ ਲੱਖ ਨਾਲ ਲੜਨ ਵਾਲੀ ਸ਼ਕਤੀ ਤਾਂ ਭਰ ਦਿੱਤੀ ਪਰ ਉਸਦਾ ਆਤਮਿਕ ਨਿਸ਼ਾਨਾ ਸੋਲਾਂ ਆਨੇ ਉਹੋ ਰਹਿਣ ਦਿੱਤਾ ਜੋ ਗੁਰੂ ਨਾਨਕ ਸਚੇ ਪਾਤਸ਼ਾਹ ਨੇ ਦੱਸਿਆ ਸੀ । ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਵੀ ਏਹੋ ਫਰਕ ਦੇਖੋਗੇ ਕਿ ਉਹ ਛੰਦਾਂ ਬੰਦੀ ਵਿੱਚ ਗੁਰੂ ਗ੍ਰੰਥ ਜੀ ਨਾਲੋਂ ਬਿਲਕੁੱਲ ਵੱਖਰੀ ਹੈ ਪਰ ਮਜ਼ਬੂਨ ਦੇ ਲਿਹਾਜ਼ ਨਾਲ ਬਿਲਕੁੱਲ ਉਹੋ ਹੈ। ਸਵੱਈਆਂ ਨੂੰ ਪੜ੍ਹਕੇ ਜਾਂ ਜਾਪੁ ਸਾਹਿਬ ਦਾ ਪਾਠ ਕਰਕੇ ਖੂਨ ਜੋਸ਼ ਮਾਰ ਉਠਦਾ ਹੈ ਪਰ ਖਿਆਲ ਦੀ ਉਡਾਰੀ ਅਕਾਲ ਪੁਰਖ ਦੇ ਚਰਨਾਂ ਵਲ ਹੀ ਜਾਂਦੀ ਹੈ ਹੋਰ ਕਿਸੇ ਪਾਸੇ ਨਹੀਂ ।

ਮੇਰੇ ਖਿਆਲ ਵਿੱਚ ਸਿੱਖ ਕੌਮ ਨੂੰ ਆਪਣੇ ਭਵਿੱਖਤ ਲਈ ਸਦੀਵੀ ਰਹਿਨੁਮਾਈ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੀਵਨ ਦੀ ਡੂੰਘੀ ਪੜਤਾਲ ਕਰਨ ਤੋਂ ਮਿਲੇਗੀ । ਸਿੱਖ ਕੌਮ ਦੀ ਬਾਹਰ ਦੀ ਜ਼ਿੰਦਗੀ, ਹਾਲਾਤ ਤਾਂ ਜ਼ਮਾਨੇ ਅਨੁਸਾਰ ਬਦਲ ਸਕਦੀ ਹੈ ਪਰ ਇਸਦਾ ਆਤਮਿਕ ਨਿਸ਼ਾਨਾ ਸਦਾ ਉਹੋ ਹੋਣਾ ਚਾਹੀਦਾ ਹੈ ਜੋ ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਦੱਸਿਆ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਰਕੇ ਵਰਕੇ ਤੇ ਸਤਰ-ਸਤਰ ਵਿੱਚ ਆਸਾਨ ਤੇ ਸਪੱਸ਼ਟ ਅੱਖਰਾਂ ਅੰਦਰ ਅੰਕਿਤ ਕੀਤਾ ਹੋਇਆ ਹੈ । ਗੁਰੂ ਗੋਬਿੰਦ ਸਿੰਘ ਮਹਾਰਾਜ ਆਪਣੇ ਸਿੱਖ ਦੀ ਆਪ ਤਾਰੀਫ (Definiton) ਕਰਦੇ ਹੋਏ ਲਿਖਦੇ ਹਨ :-

ਜਾਗਤ ਜੋਤ ਜਪੈ ਨਿਸ ਬਾਸਰ ਏਕ ਬਿਨਾ ਮਨ ਨੈਕ ਨਾ ਆਨੈ ।<br>
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨਾ ਮਾਨੈ ।<br>
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ ।<br>
ਪੂਰਨ ਜੋਤ ਜਗੈ ਘਟ ਮੇ ਤਬ ਖਾਲਸ ਤਾਹਿ ਨਖਾਲਸ ਜਾਨੈ ।

*******

# सर्वोत्तम ग्रंथ श्री गुरु ग्रंथ साहिब

काहन सिंह सेवा पंथी    हिन्दी रुप : सागर कोट कपूरा

**बाणी गुरु गुरु है बाणी विचि बाणी अमृतु सारे ।।**
**गुरु बाणी कहै सेवकु जनु मानै परतखि गुरु निसतारे ।।५।।४।।**

(नट महला ४, अंग ९८२)

ब्रह्म ज्ञान के सूरज, जगत गुरु, सर्व श्रेष्ठ और सर्व सांझे गुरु श्री गुरू ग्रंथ साहिब जी की पावन बाणी के सरोताजन व गुरसिख प्रेमी जन गुरबाणी के प्रकाश की इलाही किरणें द्वारा अपने हृदयों को रोशन करते रहते हैं । यह संसार का सर्व प्रथम ग्रंथ है जिसको गुरु पदवी प्राप्त है । श्री गुरु नानक देव जी के पावन वचन अनुसार:-

**शब्दु गुरु सुरति धुनि चेला ।।४४।।**

(रामकली महला १ सिध गोसटि, अंग ९४३)

इलाही बाणी अथवा दैवी शब्दों के इस संग्रह का सम्पादन श्री गुरु अर्जुन देव जी ने रामसर (श्री अमृतसर) के स्थान पर (जो उन दिनों एकांत और रमणीक स्थान था) किया था । आजकल वहां एक आलीशान नौ मंजला भवन सुशोभित है । श्री गुरु जी ने भाई गुरदास जी को लिखारी की सेवा पर लगा कर यह ग्रंथ सन् 1601 ई. में आरम्भ किया और 1604 ई. में सम्पूर्ण किया था। इसी वर्ष ही श्री हरिमन्दर साहिब में इस पावन ग्रंथ का प्रथम प्रकाश कर इसे गुरु सरीखे जान श्री गुरु जी ने अपने हाथों चौर किया, नत मस्तक हुए और फरमाया :-

**पोथी परमेश्र का थानु ।।**
**साधसंगि गावहि गुण गोबिन्ध पूर्ण ब्रह्म ज्ञानु ।।१।।६०।।११३।।**

(सारग महला ५, अंग १२२६)

यह पोथी (ग्रंथ जी) परम पिता परमेश्र का निवास स्थान है । इसमें से जो लोग सत्संग में मिलकर पवित्र बाणी द्वारा गोबिन्द (अकाल पुरूख) के गुण गायन करेंगे उनको पूर्ण ब्रह्म (परमात्मा) के साक्षात दर्शन होंगे । श्री दशमेश गुरु जी की भी यही आज्ञा है:-

**गुरु ग्रंथ को मानिओ प्रगट गुरां की देह ।**
**जो प्रभु को मिलबो चहे खोज शब्द महि लेह ।**

(पंथ प्रकाश, ज्ञानी ज्ञान सिंह, पत्रा ३५३)

इस लिए श्री गुरु ग्रंथ साहिब को गुरु मानना है । इस का पावन स्वरुप गुरुओं का सरगुण स्वरुप है और बाणी निर्गुण स्वरुप है अर्थात ग्रंथ गुरुओं का शरीर है और बाणी आत्मा है, जोत है । शब्द में ही खोज करके निरंकार (प्रमात्मा) से एकीकरण करना है ।

मानव को ज्ञान का प्रकाश देने वाले जितने भी धर्म ग्रंथ हैं उन सब में जो सर्वोच्च स्थान श्री गुरु ग्रंथ साहिब का है किसी अन्य ग्रंथ का नहीं। यही एक मौलिक ग्रंथ है जो गुरु

साहिब जी ने अपनी देख रेख में तैयार करवाया है । इस पावन ग्रंथ को गुरु पदवी प्राप्त है जो दूसरे किसी भी धर्म ग्रंथ को नहीं । वेद, शास्त्र, पुराण और समृतियां तो केवल पुण्यों-पापों का मूल्यांकन मात्र है, तत्व सार तो गुर शब्दों में ही है यथा :-

**सिमृति शास्त्र पुन पाप वीचारदे तत्तै सार न जाणी ।।**
**तत्तै सार न जाणी गुरु बाझों तत्तै सार न जाणी ।।२७।।**

(रामकली महला ३ अनंद्द, अंग ६२०)

यहां तो गुरु कृपा अथवा हृदय में शब्द निवास द्वारा मानव मात्र अनन्त को प्राप्त हो जाते है:-

**बाबा जै घरि करते कीरति होय ।।**
**सो घरु राखु वडाई तोय ।।१।।२।।**

(रागु आसा महला १, अंग १२)

अर्थात हे भाई ! जिस घर (धर्म ग्रंथ) में सृष्टि के करता प्रमात्मा की सिफत सालाह (बड़ाई) हो उसके उपदेश को अपने ह्रदय में संभाल कर रख ।

इस पावन ग्रंथ का उपदेश मानव को आपसी प्यार, देश प्यार, जीव प्यार, प्रभु प्यार और फिर प्रभु मिलाप का मार्ग दर्शाता है । इसका पावन उपदेश किसी एक धर्म, जाति, वर्ण या वर्ग तक सीमित नहीं अपितु सभी वर्णो को सांझा उपदेश है यथा:-

**खत्री ब्राह्मण सूद वैष उपदेशु चहु वर्णा कउ साझा ।।४।।३।।५०।।**

(सूही महला ५, अंग ७४७-७४८)

इनका प्रत्यक्ष प्रमाण है कि समाज में नीच व शुद्र समझे जाने वाले (पर उच्च आचरण वाले) भक्तों यथा कबीर-जुलाहा, रविदास-चमार, नामदेव-छींबा, सैन-नाई आदि की बाणी का इस ग्रंथ में 'भगत जना की उत्तम बाणी' का सत्कार देकर दर्ज की गई है । दूसरे किसी भी धर्म के धर्म ग्रंथो में ऐसा नहीं है । यहां तक कि कथित नीच जाति वालों के लिए तो इन धार्मिक ग्रंथों को पढ़ना सुनना तक वर्जित है ।

मानव मात्र के लिए यही एक ऐसा सर्व सांझा ग्रंथ है जिसे किसी भी देश, जाति, धर्म, समाज का स्त्री पुरुष पढ़ सुन सकता है और अपना जीवन आदर्शमय बना सकता है । श्री गुरु ग्रंथ साहिब ही एक ऐसा ग्रंथ है जिसमें समस्त संसार के प्राणी मात्र के भले की कामना की गई है:-

**नानक नाम चढ़दी कला ।**
**तेरे भाणे सरबत का भला ।**

(अथवा)

**जगतु जलंदा रखि लै आपणी कृपा धारि ।।**
**जितु दुआरै उबरै तितै लैहु उबारि ।।१।।१०।।**

(बिलावल की वार, सलोक मः ३, अंग ८५३)

अन्य धर्म ग्रन्थों में अनेकों सरगुण स्वरुपों (देवी देवते अवतार आदि) की पूजा (कर्म कांड सहित) का परावधान है जबकि इस महान ग्रंथ में परमात्मा के निर्गुण स्वरुप (निंरकार) के उपदेश से मानव व जीव जन्तुओं की सेवा द्वारा प्रभु प्राप्ति का विधान है। पांच तत्व के बने शरीर तो काल के प्रभाव अधीन हैं और समय पाकर अलोप हो जाने वाले हैं परन्तु आत्मा व शब्द अमर है, अविनाशी है, जो सदैव रहने वाले है। गुरबाणी गुरु साहिबान की आत्मा है व परमात्मा की जागत जोत है जो युगों युग अटल हैं, अमर है इस लिए यह गुरुओं के शरीर से उच्चतम है, श्रेष्ठ है। यह बाणी आत्मा से निकली दैवी आवाज़ (शब्द) है। यह ग्रंथ केवल पुस्तक मात्र नही इलाही बाणी का संग्रह है।

**जैसी मै आवै खसम की बाणी तैसड़ा करी ज्ञानु वे लालो ।।१।।३।।५।।**

(तिलंग महला १, अंग ७२२)

कुरुक्षेत्र के स्थान पर श्री गुरु जी से पूछे जाने पर कि संसार में अनेकों धार्मिक ग्रंथों के रहते हुए फिर एक नये ग्रंथ की क्या जरुरत है ? तो श्री गुरु जी ने कहा था कि धर्म कर्म और परमार्थ का मार्ग दिखाने वाले हिन्दु मत के ग्रंथ संस्कृत में है और इसलाम मत के ग्रंथ अरबी (फारसी) में हैं जो केवल पंडितों और मौलवियों की पहुंच में हैं। जन साधारण की पहुंच से परे हैं। इस लिए श्री गुरु ग्रंथ साहिब में प्रभु के सन्देश व उपदेश जन साधारण की भाषाओं में अंकित हैं ताकि सभी लोगों का मार्ग दर्शन हो सके। यह तो लोगों द्वारा, लोगों का, लोगों के लिए और लोगों की भाषाओं में लिखा गया अपनी किस्म का पहला और आखरी धर्म ग्रंथ है। यही कारण हैं कि इस महान ग्रंथ को 'आदि ग्रंथ' का नाम दिया गया है।

इस महान ग्रंथ में नामों का भी सांझाकरण है यथा राम, हरि, भगवान, अलाह, खुदा, नारायण, गोबिन्द, रहीम करीम आदि सभी नाम अंकित हैं ताकि मानव मात्र को सच का मार्ग अपनाने में कोई कठिनाई न हो। सभी धर्मो के लोग एक परम पिता की सन्तान हैं और आपस में भाई-भाई हैं कोई छोटा नहीं, कोई बड़ा नहीं, कोई काफिर नहीं, कोई मलेछ नहीं :-

**एक नूर ते सभु जगु उपजिया कौन भले को मन्दे ।।२।।३।।**

(विभास प्रभाती कबीर जी, अंग १३४६)

**"एकु पिता एकम के हम बारिक ।।१।।१।।१२।।"**

(सोरठि महला ५ घरु २ चउपदे, अंग ६११)

इस प्रकार यह एक महानतम, सर्व सांझा, सर्वव्यापि और समस्त मानव मात्र को दिया गया अध्यात्मक उपदेश है। पावन बाणी द्वारा दिये गये उपदेशों को अपना कर हम अपना लोक परलोक सफल बना सकते हैं।

**लोक सुखीए परलोक सुहेले ।।**
**नानक हरि प्रभि आपहि मेले ।।४।।२२।।**

(गउड़ी सुखमनी मः५, अंग २६२-६३)

# ਦਫ਼ਤਰ ਵਰ - ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਮੁੱਖ ਸਰਪ੍ਰਸਤ : ਮਹੰਤ ਕਾਹਨ ਸਿੰਘ 'ਸੇਵਾ ਪੰਥੀ'
ਦਫ਼ਤਰ ਇੰਚਾਰਜ : ਸਿਲਵੰਤ ਕੌਰ
ਸੰਪਰਕ ਫ਼ੋਨ : 0164-2262051 (ਸਵੇਰੇ 9 ਤੋਂ ਸ਼ਾਮ 4 ਵਜੇ ਤੱਕ),

ਜਿਨ੍ਹਾਂ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ / ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀ-ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਵਰ ਦੀ ਲੋੜ

1. ਅਰੋੜਾ ਸਿੱਖ ਜੁਨੇਜਾ Enginering in Electronics 30 ਸਾਲ, 5' 5" ਲੜਕੀ ਲਈ ਯੋਗ ਵਰ ਦੀ ਲੋੜ ਹੈ। (Old Box No. 1265)
2. ਅਰੋੜਾ ਸਿੱਖ ਬੁਧੀ ਰਾਜਾ, M.Sc., B.ed., 29 ਸਾਲ, 5' 2" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1342)
3. ਖੱਤਰੀ ਸਿੱਖ ਬੱਗਾ ,B.A , 25 ਸਾਲ, 5'1½" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1343)
4. ਖੱਤਰੀ ਸਿੱਖ ਅਰਨੇਜਾ, Dip. in Arch., M.A., 26 ਸਾਲ, 5'4" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1344)


## ਕੰਨਿਆ ਦੀ ਲੋੜ

1. ਅਰੋੜਾ ਸਿੱਖ ਬੁੱਧੀ ਰਾਜਾ Matric., 37 ਸਾਲ, 5'6" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3261)
2. ਅਰੋੜਾ ਸਿੱਖ ਮੱਕੜ, +2., 31 ਸਾਲ ਤਲਾਕਸ਼ੁਦਾ (ਦੋ ਲੜਕੀਆਂ) ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3262)
3. ਖੱਤਰੀ ਸਿੱਖ ਆਨੰਦ, Matric., 39 ਸਾਲ, 5'7" (ਤਲਾਕਸ਼ੁਦਾ) ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3263)
4. ਖੱਤਰੀ ਸਿੱਖ ਘੁਲਘਾਣੀ, 9 th Pass , 26 ਸਾਲ, 5'½" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3264)

ਸ਼੍ਰੀਮਾਨ ਸੰਤ ਬਾਬਾ ਕਾਹਨ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) 'ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਅਕਤੂਬਰ 2008 ਨੂੰ ਜਾਰੀ ਕੀਤਾ।

Bhai Kanhaiya Sewa Joti (Monthly) R.N.I. Regd. No. 046716/84
Postal Regd. No. PB/BTI-1002/2006-2008, Dt. 3-12-2005


# ਆਦਿ ਗ੍ਰੰਥ ਦੀ ਸੰਪਾਦਨਾ, ਪਹਿਲਾ ਪ੍ਰਕਾਸ਼ ਤੇ ਸੰਪੂਰਨਤਾ ਦੇ ਦਰਸ਼ਨ



ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਰਾਮਸਰ (ਅੰਮ੍ਰਿਤਸਰ) ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਦੇ ਹੋਏ ਭਾਈ ਗੁਰਦਾਸ ਜੀ ਲਿਖਦੇ ਹੋਏ । ਇਹ ਮਹਾਨ ਕਾਰਜ 1604 ਈ: ਵਿੱਚ ਸੰਪੰਨ ਹੋਇਆ ।



16 ਅਗਸਤ 1604 ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਵਿੱਤਰ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦੇ ਅਵਸਰ 'ਤੇ ਬਾਬਾ ਬੁੱਢਾ ਜੀ ਤਾਬਿਆ ਬੈਠੇ ਹੋਏ, ਸ੍ਰੀ ਗੁਰੂ ਅਰਜਨ ਦੇਵ ਜੀ ਚੌਰ (ਚਵਰ) ਦੀ ਸੇਵਾ ਕਰਦੇ ਹੋਏ ।



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਬੀੜ ਨੂੰ 1708 ਈ: ਵਿੱਚ ਸੰਪੂਰਨਤਾ ਬਖਸ਼ੀ ਭਾਈ ਮਨੀ ਸਿੰਘ ਜੀ ਬੀੜ ਲਿਖਦੇ ਹੋਏ ।

Bhai Kanhaiya Sewa Joti (Monthly) R.N.I. Regd. No. 046716/84
Postal Regd.No.PB/BTI-1002/2006-2008 Dt. 30-12-2005



ਮਿਤੀ 14.09.08 ਨੂੰ ਯੂ.ਐਸ.ਏ. (ਅਮਰੀਕਾ) ਤੇ ਯੂ.ਕੇ. (ਇੰਗਲੈਂਡ) ਤੋਂ ਵਾਪਸ ਪਰਤਨ ਸਮੇਂ ਸ੍ਰੀਮਾਨ ਮਹੰਤ ਕਾਹਨ ਸਿੰਘ ਜੀ ਦਾ ਹਾਰ ਪਹਿਨਾਕੇ ਅਥਾਹ ਸੰਗਤਾਂ ਸਵਾਗਤ ਕਰ ਰਹੀਆਂ ਹਨ ।





ਸ੍ਰੀ ਆਨੰਦਪੁਰ ਸਾਹਿਬ ਤੇ ਹੋਰ ਗੁਰਧਾਮਾਂ ਦੇ ਦਰਸ਼ਨਾਂ ਲਈ ਸਤਿਸੰਗੀ ਯਾਤਰਾ ਨੂੰ ਵਿਦਾ ਕਰਨ ਦਾ ਦ੍ਰਿਸ਼ (18.09.08) ਮਹੰਤ ਕਾਹਨ ਸਿੰਘ, ਸੰਤ ਰਣਜੀਤ ਸਿੰਘ, ਸੰਤ ਜਗਜੀਤ ਸਿੰਘ ਅਤੇ ਸੰਤ ਹਰਪਾਲ ਸਿੰਘ ਸੰਗਤਾਂ ਵਿਚਕਾਰ ਖੜੇ ਨਜ਼ਰ ਆ ਰਹੇ ਹਨ ।

Designed by Mindi, Amarjit Machhiwara